## ਸ਼੍ਰੇਣੀ ਦਸਵੀਂ

## ਸੰਗੀਤ ਗਾਇਨ

## ਵਿਲੱਖਣ ਸਮੱਰਥਾ ਵਾਲੇ ਵਿਦਿਆਰਥੀਆਂ ਲਈ (MR)

| | |
|---|---|
| ਸਮਾਂ ਲਿਖਤੀ – 3 ਘੰਟੇ | ਲਿਖਤੀ :- 40 ਅੰਕ |
| ਪ੍ਰਯੋਗੀ 20 ਮਿੰਟ | ਪ੍ਰਯੋਗੀ :- 50 ਅੰਕ |
| (ਪ੍ਰਤੀ ਵਿਦਿਆਰਥੀ) | ਸੀ.ਸੀ.ਈ. :- 10 ਅੰਕ |
| | ਕੁੱਲ :- 100 ਅੰਕ |

### ਪ੍ਰਸ਼ਨ ਪੱਤਰ ਦੀ ਰੂਪ ਰੇਖਾ (ਲਿਖਤੀ)

ਪ੍ਰਸ਼ਨ ਪੱਤਰ ਵਿੱਚ ਕੁੱਲ 25 ਪ੍ਰਸ਼ਨ ਹੋਣਗੇ। ਪ੍ਰਸ਼ਨ ਪੱਤਰ ਪ੍ਰਸ਼ਨ ਬੈਂਕ ਵਿੱਚੋਂ ਹੀ ਸੈਟ ਕੀਤਾ ਜਾਵੇਗਾ।

ਭਾਗ–1 ਵਿੱਚ 1 ਤੋਂ 16 ਤੱਕ ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ। ਪੁੱਛੇ ਜਾਣ ਵਾਲੇ ਪ੍ਰਸ਼ਨ ਹੇਠ ਲਿਖੇ ਅਨੁਸਾਰ ਹਨ:-

| | | |
|---|---|---|
| ੳ. | ਵਸਤੂ ਨਿਸ਼ਠ ਪ੍ਰਸ਼ਨ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਉੱਤਰ) | 5×2=10 ਅੰਕ |
| ਅ. | ਖਾਲੀ ਥਾਵਾਂ | 3×1=3 ਅੰਕ |
| ੲ. | ਠੀਕ/ਗਲਤ | 3×1=3 ਅੰਕ |
| ਸ. | ਬਹੁ–ਭਾਂਤੀ | 3×1=3 ਅੰਕ |
| ਹ. | ਸਹੀ ਮਿਲਾਣ | 2×2=4 ਅੰਕ |
| | | **ਕੁੱਲ = 23 ਅੰਕ** |

**ਭਾਗ–II** ਵਿੱਚ 17 ਤੋਂ 21, 3–3 ਅੰਕਾਂ ਵਾਲੇ ਛੋਟੇ ਪ੍ਰਸ਼ਨ ਹੋਣਗੇ ਜਿਨ੍ਹਾਂ ਦਾ ਉੱਤਰ ਇੱਕ ਤੋਂ ਦੋ ਵਾਕਾਂ ਵਿੱਚ ਹੋਣਾ ਚਾਹੀਦਾ ਹੈ। ਇਨ੍ਹਾਂ 5 ਪ੍ਰਸ਼ਨਾਂ ਵਿੱਚ ਕੋਈ 3 ਪ੍ਰਸ਼ਨ ਕਰਨੇ ਲਾਜ਼ਮੀ ਹਨ।

3×3=9 ਅੰਕ

**ਭਾਗ–III** ਵਿੱਚ 22 ਤੋਂ 25, ਤੱਕ 4–4 ਅੰਕਾਂ ਵਾਲੇ ਵੱਡੇ ਪ੍ਰਸ਼ਨ ਹੋਣਗੇ ਜਿਨ੍ਹਾਂ ਦਾ ਉੱਤਰ ਪੰਜ ਤੋਂ ਅੱਠ ਲਾਈਨਾਂ ਵਿੱਚ ਦੇਣਾ ਲਾਜ਼ਮੀ ਹੈ। ਇਨ੍ਹਾਂ 4 ਪ੍ਰਸ਼ਨਾਂ ਵਿੱਚੋਂ ਕੋਈ 2 ਪ੍ਰਸ਼ਨ ਕਰਨੇ ਲਾਜ਼ਮੀ ਹਨ।

4×2=8 ਅੰਕ

# ਪ੍ਰਸ਼ਨ ਬੈਂਕ

### ਵਸਤੂਨਿਸ਼ਠ ਪ੍ਰਸ਼ਨ (ਇਕ ਸ਼ਬਦ ਜਾਂ ਇਕ ਲਾਈਨ ਵਾਲੇ)

ਪ੍ਰ. 1 ਸੱਤ ਸਵਰਾਂ ਦੇ ਸਮੂਹ ਨੂੰ ਕੀ ਕਹਿੰਦੇ ਹਨ?

ਉ: ਸਪਤਕ।

ਪ੍ਰ. 2 ਸਪਤਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ਉ: ਤਿੰਨ

ਪ੍ਰ. 3 ਨੀਵੀ ਆਵਾਜ ਕਿਹੜੇ ਸਪਤਕ ਦੀ ਆਵਾਜ਼ ਮੰਨੀ ਜਾਂਦੀ ਹੈ?

ਉ: ਮੰਦਰ ਸਪਤਕ।

ਪ੍ਰ. 4 ਸਾਧਾਰਨ ਆਵਾਜ ਕਿਹੜੇ ਸਪਤਕ ਦੀ ਆਵਾਜ਼ ਮੰਨੀ ਜਾਂਦੀ ਹੈ?

ਉ: ਮੱਧ ਸਪਤਕ।

ਪ੍ਰ. 5 ਉੱਚੀ ਅਤੇ ਤਿੱਖੀ ਆਵਾਜ਼ ਕਿਹੜੇ ਸਪਤਕ ਦੀ ਆਵਾਜ਼ ਹੁੰਦੀ ਹੈ?

ਉ: ਤਾਰ ਸਪਤਕ।

ਪ੍ਰ. 6 ਜਿਹੜਾ ਸੁਰ ਆਪਣੀ ਜਗ੍ਹਾ ਤੇ ਸਥਿਰ ਰਹਿੰਦਾ ਹੈ, ਉਸ ਨੂੰ ਕੀ ਕਹਿੰਦੇ ਹਨ?

ਉ: ਅਚਲ ਸੁਰ

ਪ੍ਰ. 7 ਅਚਲ ਸੁਰ ਕਿੰਨੇ ਹਨ?

ਉ: ਦੋ, ਸ, ਪ

ਪ੍ਰ. 8 ਜਿਹੜੇ ਸੁਰ ਆਪਣੀ ਜਗ੍ਹਾ ਤੋਂ ਹਿਲ ਜਾਣ ਉਨ੍ਹਾਂ ਨੂੰ ਕੀ ਕਹਿੰਦੇ ਹਨ?

ਉ: ਚਲ ਸੁਰ।

ਪ੍ਰ. 9 ਚਲ ਸੁਰਾਂ ਦੀ ਗਿਣਤੀ ਕਿੰਨੀ ਹੈ?

ਉ: ਪੰਜ

ਪ੍ਰ. 10 ਅਲੰਕਾਰ ਸ਼ਬਦ ਕਿਹੜੀ ਭਾਸ਼ਾ ਦਾ ਸ਼ਬਦ ਹੈ?

ਉ: ਸੰਸਕ੍ਰਿਤ।

ਪ੍ਰ. 11 ਅਲੰਕਾਰਾਂ ਨੂੰ ਹੋਰ ਕੀ ਕਿਹਾ ਜਾਂਦਾ ਹੈ?

ਉ: ਪਲਟਾ।

ਪ੍ਰ. 12 ਸ਼ਰੁਤੀ ਦਾ ਕੀ ਅਰਥ ਹੈ?

ਉ: ਸੁਣਨਾ

ਪ੍ਰ. 13 ਸ਼ਰੁਤੀਆਂ ਦੀ ਗਿਣਤੀ ਕਿੰਨੀ ਮੰਨੀ ਗਈ ਹੈ?

ਉ: 22

ਪ੍ਰ. 14 ਠਾਹ ਨੂੰ ਕਿਹੜੀ ਲੈਅ ਕਿਹਾ ਜਾਂਦਾ ਹੈ?

ਉ: ਬਰਾਬਰ ਦੀ ਲੈਅ

ਪ੍ਰ. 15 ਰਾਗ ਦੇ ਸਵਰਾਂ ਵਿਚ ਤਾਲ ਬੱਧ ਰਚਨਾ ਨੂੰ ਕੀ ਕਹਿੰਦੇ ਹਨ?

ਉ: ਸਰਗਮ ਗੀਤ।

ਪ੍ਰ. 16 ਗੀਤ ਦੇ ਪਹਿਲੇ ਅਤੇ ਦੂਜੇ ਭਾਗ ਨੂੰ ਕੀ ਕਹਿੰਦੇ ਹਨ?

ਉ: ਸਥਾਈ ਅਤੇ ਅੰਤਰਾ।

ਪ੍ਰ. 17 ਭਾਤਖੰਡੇ ਜੀ ਨੇ ਕਿੰਨੇ ਥਾਟ ਮੰਨੇ ਹਨ?

ਉ: 10

ਪ੍ਰ. 18 ਸੁੱਧ ਥਾਟ ਦਾ ਨਾਮ ਲਿਖੋ।

ਉ: ਬਿਲਾਵਲ

ਪ੍ਰ. 19 ਥਾਟ ਨੂੰ ਹੋਰ ਕੀ ਕਹਿੰਦੇ ਹਨ?

ਉ: ਮੇਲ।

ਪ੍ਰ. 20 ਰੇ, ਧਾ ਕੋਮਲ ਬਾਕੀ ਸ਼ੁੱਧ ਸੁਰ ਵਾਲਾ ਥਾਟ ਕਿਹੜਾ ਹੈ?

ਉ: ਭੈਰਵ।

ਪ੍ਰ. 21 ਭੈਰਵੀ ਥਾਟ ਵਿਚ ਕਿਹੜੇ ਸੁਰ ਕੋਮਲ ਹਨ?

ਉ: ਰੇ, ਗਾ, ਧਾ, ਨੀ।

ਪ੍ਰ. 22 ਰਾਗ ਵਿਚ ਘੱਟੋ ਘੱਟ ਕਿੰਨੇ ਸੁਰ ਲਗਦੇ ਹਨ?

ਉ: 5 ਸੁਰ

ਪ੍ਰ. 23 ਰਾਗ ਵਿਚ ਵੱਧ ਤੋਂ ਵੱਧ ਕਿੰਨੇ ਸੁਰ ਲਗਦੇ ਹਨ?

ਉ: 7 ਸੁਰ

ਪ੍ਰ. 24 ਰਾਗ ਦੀ ਉਤਪਤੀ ਕਿਸ ਤੋਂ ਹੁੰਦੀ ਹੈ?

ਉ: ਥਾਟ ਤੋਂ

ਪ੍ਰ. 25 ਰਾਗ ਵਿਚ ਕਿਹੜਾ ਸੁਰ ਆਧਾਰ ਸੁਰ ਹੈ?

ਉ: ਸ/ਸ਼ੜਜ

ਪ੍ਰ. 26 ਰਾਗ ਦੀਆਂ ਮੁੱਖ ਜਾਤੀਆਂ ਕਿੰਨੀਆਂ ਹਨ?

ਉ: ਤਿੰਨ

ਪ੍ਰ. 27 ਕਿਹੜੇ ਸੁਰ ਕਦੇ ਵੀ ਇਕੱਠੇ ਵਰਜਿਤ ਨਹੀਂ ਹੁੰਦੇ?

ਉ: ਮਾ ਅਤੇ ਪਾ।

ਪ੍ਰ.28 ਤਾਨਪੁਰਾ ਕਿਹੜੀ ਸ਼੍ਰੇਣੀ ਦਾ ਸਾਜ਼ ਹੈ?

ਉ: ਤੰਤਰੀ ਸ਼੍ਰੇਣੀ ਦਾ

ਪ੍ਰ. 29 ਤਾਨਪੁਰੇ ਦਾ ਤੂੰਬਾ ਕਿਸ ਤੋਂ ਬਣਦਾ ਹੈ?

ਉ: ਕੱਦੂ ਤੋਂ।

ਪ੍ਰ. 30 ਤੂੰਬੇ ਨੂੰ ਕਿਸ ਨਾਲ ਢੱਕਿਆ ਜਾਂਦਾ ਹੈ?

ਉ: ਤਬਲੀ ਨਾਲ

ਪ੍ਰ. 31 ਤਬਲੀ ਉਪਰ ਕੀ ਰੱਖਿਆ ਜਾਂਦਾ ਹੈ?

ਉ : ਘੁੜਚ

ਪ੍ਰ. 32 ਕੀਲ ਜਾਂ ਲੰਗੋਟ ਕਿਥੇ ਹੁੰਦੀ ਹੈ?

ਉ: ਤੂੰਬੇ ਦੇ ਹੇਠਾਂ।

ਪ੍ਰ:33 ਤੂੰਬੇ ਨਾਲ ਜੁੜੀ ਖਾਲੀ ਲੰਬੀ ਲੱਕੜ ਨੂੰ ਕੀ ਕਹਿੰਦੇ ਹਨ?

ਉ: ਡਾਂਡ

ਪ੍ਰ:34 ਡਾਂਡ ਅਤੇ ਤੂੰਬੇ ਦੇ ਜੋੜ ਨੂੰ ਕੀ ਕਹਿੰਦੇ ਹਨ?

ਉ: ਗੁੱਲੂ।

ਪ੍ਰ.35: ਖੂੰਟੀਆਂ ਨਾਲ ਕੀ ਬੰਨਿਆ ਜਾਂਦਾ ਹੈ?

ਉ: ਤਾਰਾਂ

ਪ੍ਰ. 36 ਤਾਨਪੁਰੇ ਦੀਆਂ ਤਾਰਾਂ ਕਿੰਨੀਆਂ ਹੁੰਦੀਆਂ ਹਨ?

ਉ: ਚਾਰ

ਪ੍ਰ. 37 ਤਾਰਾਂ ਕਿਸ ਕਿਸ ਧਾਤੂ ਦੀਆਂ ਹੁੰਦੀਆਂ ਹਨ?

ਉ: ਲੋਹਾ ਅਤੇ ਪਿੱਤਲ।

ਪ੍ਰ. 38 ਆਧੁਨਿਕ ਸਮੇਂ ਵਿੱਚ ਕਿਹੜੀ ਗਾਇਨ ਸ਼ੈਲੀ ਵਧੇਰੇ ਪ੍ਰਚਲਿਤ ਹੈ?

ਉ: ਖਿਆਲ ਗਾਇਨ ਸ਼ੈਲੀ।

ਪ੍ਰ:39 ਖਿਆਲ ਕਿਸ ਭਾਸ਼ਾ ਦਾ ਸ਼ਬਦ ਹੈ?

ਉ: ਫਾਰਸੀ ਭਾਸ਼ਾ ਦਾ

ਪ੍ਰ. 40 ਖਿਆਲ ਸ਼ਬਦ ਦਾ ਕੀ ਅਰਥ ਹੈ?

ੳ. ਵਿਚਾਰ ਜਾਂ ਕਲਪਨਾ ਕਰਨਾ।

ਪ੍ਰ. 41 ਖਿਆਲ ਸ਼ੈਲੀ ਦਾ ਜਨਮਦਾਤਾ ਕਿਸਨੂੰ ਮੰਨਿਆ ਜਾਂਦਾ ਹੈ?

ੳ: ਸੁਲਤਾਨ ਹੁਸੈਨ ਸ਼ਰਕੀ ਨੂੰ।

ਪ੍ਰ. 42 ਖਿਆਲ ਦੇ ਕਿੰਨੇ ਭਾਗ ਹੁੰਦੇ ਹਨ?

ੳ: ਦੋ ਭਾਗ ਹੁੰਦੇ ਹਨ

ਪ੍ਰ. 43 ਸ਼ੁੱਧ ਸਵਰ ਲਈ ਕਿਹੜਾ ਚਿੰਨ੍ਹ ਲੱਗਦਾ ਹੈ?

ੳ: ਕੋਈ ਵੀ ਨਹੀਂ

ਪ੍ਰ. 44 ਕੋਮਲ ਸੁਰਾਂ ਲਈ ਕਿਹੜਾ ਚਿੰਨ੍ਹ ਲੱਗਦਾ ਹੈ?

ੳ: ਸੁਰਾਂ ਦੇ ਹੇਠਾਂ ਡੰਡੀ ਜਿਵੇਂ: ਰੁ, ਗੁਾ, ਧੁਾ, ਨੁੀ।

ਪ੍ਰ.45 ਮੱਧ ਸਪਤਕ ਦੇ ਸੁਰਾਂ ਲਈ ਕਿਹੜਾ ਚਿੰਨ੍ਹ ਲੱਗਦਾ ਹੈ?

ੳ: ਕੋਈ ਵੀ ਨਹੀਂ।

ਪ੍ਰ.46 ਮੰਦਰ ਸਪਤਕ ਦੇ ਸੁਰਾਂ ਲਈ ਕਿਹੜਾ ਚਿੰਨ੍ਹ ਲੱਗਦਾ ਹੈ?

ੳ: ਸੁਰਾਂ ਦੇ ਹੇਠਾਂ ਬਿੰਦੂ।

ਪ੍ਰ.47 ਤਾਰ ਸਪਤਕ ਦੇ ਸੁਰਾਂ ਲਈ ਕਿਹੜਾ ਚਿੰਨ੍ਹ ਲੱਗਦਾ ਹੈ?

ੳ: ਸੁਰਾਂ ਦੇ ਉਪਰ ਬਿੰਦੂ।

ਪ੍ਰ.48. ਤੀਵਰ ਸੁਰ ਦਾ ਚਿੰਨ੍ਹ ਦੱਸੋ।

ੳ: ਮ'

ਪ੍ਰ.49 ਸਮ ਦਾ ਚਿੰਨ੍ਹ ਲਿਖੋ?

ੳ: *

ਪ੍ਰ. 50 ਖਾਲੀ ਦਾ ਚਿੰਨ ਲਿਖੋ।

ੳ: 0

ਪ੍ਰ.51 ਤਾਲੀ ਦਾ ਚਿੰਨ ਦੱਸੋ।

ੳ: 1, 2, 3

ਪ੍ਰ.52 ਰਾਗਾਂ ਨੂੰ ਕਿਵੇਂ ਸੰਭਾਲ ਕੇ ਰੱਖਿਆ ਜਾ ਸਕਦਾ ਹੈ?

ੳ: ਸਵਰ ਲਿਪੀ ਦੁਆਰਾ

ਪ੍ਰ. 53 ਪੰਡਿਤ ਭਾਤਖੰਡੇ ਦੀ ਪੁਸਤਕ ਦਾ ਨਾਮ ਲਿਖੋ

ੳ: ਕ੍ਰਮਿਕ ਪੁਸਤਕ ਮਾਲਿਕਾ।

ਪ੍ਰ.54 ਕ੍ਰਮਿਕ ਪੁਸਤਕ ਮਾਲਿਕਾ ਕਿੰਨੇ ਭਾਗਾਂ ਵਿਚ ਲਿਖੀ ਗਈ ਹੈ?

ੳ: ਛੇ ਭਾਗਾਂ ਵਿੱਚ।

ਪ੍ਰ.55 ਉੱਤਰੀ ਭਾਰਤੀ ਸੰਗੀਤ ਵਿਚ ਕਿਹੜੀ ਸਵਰ ਲਿਪੀ ਪੱਧਤੀ ਪ੍ਰਚਲਿਤ ਹੈ?

ੳ: ਭਾਤਖੰਡੇ ਸਵਰਲਿਪੀ ਪੱਧਤੀ ਪ੍ਰਚਲਿਤ ਹੈ।

ਪ੍ਰ. 56 ਸ਼ਬਦ ਗਾਇਨ ਵਿਚ ਕੀ ਗਾਇਆ ਜਾਂਦਾ ਹੈ?

ੳ. ਗੁਰੂਆਂ ਦੀ ਬਾਣੀ।

ਪ੍ਰ. 57 ਸ਼ਬਦ ਕਿੱਥੇ ਗਾਏ ਜਾਂਦੇ ਹਨ?

ਉ: ਗੁਰਦੁਆਰਿਆਂ ਵਿਚ।

ਪ੍. 58 ਬਾਣੀ ਕਿੰਨੇ ਰਾਗਾਂ ਵਿਚ ਰਚੀ ਗਈ ਹੈ?

ਉ: ਰਾਗਾਂ ਵਿਚ

ਪ੍ 59 ਸਭ ਤੋਂ ਪਹਿਲਾਂ ਸ਼ਬਦ ਕਿੰਨਾ ਨੇ ਰਚੇ?

ਉ: ਗੁਰੂ ਨਾਨਕ ਦੇਵ ਜੀ ਨੇ।

ਪ੍ 60 ਕੀਰਤਨ ਪ੍ਰਥਾ ਕਿੰਨਾ ਨੇ ਸ਼ੁਰੂ ਕੀਤੀ?

ਉ: ਗੁਰੂ ਨਾਨਕ ਦੇਵ ਜੀ ਨੇ।

ਪ੍. 61 ਕੀਰਤਨ ਦਾ ਸਮਾਂ ਕਿਸ ਗੁਰੂ ਸਾਹਿਬ ਨੇ ਸ਼ੁਰੂ ਕੀਤਾ?

ਉ: ਗੁਰੂ ਅਰਜਨ ਦੇਵ ਜੀ ਨੇ।

ਪ੍ 62 ਕੀਰਤਨ ਕਿੰਨੀਆਂ ਚੌਕੀਆਂ ਵਿਚ ਕੀਤਾ ਜਾਂਦਾ ਹੈ?

ਉ: ਚਾਰ ਚੌਕੀਆਂ ਵਿਚ।

ਪ੍. 63 ਕੀਰਤਨ ਦੀ ਪਹਿਲੀ ਚੌਕੀ ਦਾ ਨਾਮ ਦੱਸੋ।

ਉ: ਆਸਾ ਦੀ ਵਾਰ ਦੀ ਚੌਕੀ।

ਪ੍. 64 ਕਲਿਆਣ ਦੀ ਚੌਕੀ ਕਿਹੜੇ ਪਹਿਰ ਤੋਂ ਬਾਅਦ ਗਾਈ ਜਾਂਦੀ ਹੈ?

ਉ: ਰਾਤ ਦੇ ਪਹਿਰ ਤੋਂ ਬਾਅਦ

ਪ੍. 65 ਗੁਰੂ ਅਰਜਨ ਦੇਵ ਜੀ ਕਿੰਨੇ ਰਾਗਾਂ ਵਿਚ ਬਾਣੀ ਰਚੀ?

ਉ: 22 ਰਾਗਾਂ ਵਿਚ।

ਪ੍. 66 ਭਜਨ ਗਾਉਣ ਨਾਲ ਮਨ ਨੂੰ ਕੀ ਮਿਲਦਾ ਹੈ?

ਉ: ਸ਼ਾਂਤੀ ਮਿਲਦੀ ਹੈ।

ਪ੍. 67 ਭਜਨ ਕਿੱਥੇ ਗਾਏ ਜਾਂਦੇ ਹਨ?

ਉ: ਮੰਦਿਰਾਂ ਵਿਚ।

ਪ੍. 68 ਭਜਨ ਨਾਲ ਕਿਹੜੇ ਸਾਜ਼ ਵਜਾਏ ਜਾਂਦੇ ਹਨ?

ਉ: ਢੋਲ, ਢੋਲਕੀ, ਤਬਲਾ,

ਪ੍. 69 ਭਿੰਨ-ਭਿੰਨ ਅਵਸਰਾਂ ਤੇ ਕਿਹੜੇ ਗੀਤ ਗਾਏ ਜਾਂਦੇ ਹਨ?

ਉ: ਲੋਕ-ਗੀਤ

ਪ੍. 70 ਲੋਕ-ਗੀਤਾਂ ਦਾ ਸਬੰਧ ਕਿਸ ਨਾਲ ਹੁੰਦਾ ਹੈ?

ਉ: ਲੋਕਾਂ ਨਾਲ

ਪ੍.71 ਪੰਜਾਬ ਦੇ ਕੋਈ ਦੋ ਲੋਕ-ਗੀਤਾਂ ਦੇ ਨਾਮ ਲਿਖੋ।

ਉ: ਹੀਰ, ਮਿਰਜ਼ਾ

ਪ੍. 72 ਗਾਇਕ ਦੇ ਕੋਈ ਇਕ ਗੁਣ ਲਿਖੋ

ਉ: ਸੁਰੀਲਾ ਤੇ ਤਾਲ ਵਿਚ ਗਾਉਣਾ।

ਪ੍. 73 ਗਾਇਕ ਦਾ ਕੋਈ ਇਕ ਦੋਸ਼ ਲਿਖੋ

ਉ: ਬੇਤਾਲਾ ਗਾਉਣਾ।

ਪ੍. 74 ਸੁਰੀਲਾ ਬਣਨ ਲਈ ਕੀ ਕਰਨਾ ਚਾਹੀਦਾ ਹੈ?

ਉ: ਅਭਿਆਸ ਅਤੇ ਰਿਆਜ਼ ਕਰਨਾ ਪੈਂਦਾ ਹੈ।

ਪ੍. 75 ਕਿਸੇ ਗੁਰੂ ਤੋਂ ਸਿੱਖਿਆ ਲੈਣੀ ਚਾਹੀਦੀ ਹੈ ਜਾਂ ਨਹੀਂ?

ਉ: ਹਾਂ ਜੀ

ਪ੍ਰ. 76 ਮੂੰਹ ਪਾੜ ਕੇ ਗਾਉਣਾ ਗੁਣ ਹੈ ਜਾਂ ਦੋਸ਼?

ਉ: ਦੋਸ਼ ਹੈ।

ਪ੍ਰ. 77 ਜਿਹੜੇ ਸਾਜ ਹਵਾ ਨਾਲ ਵੱਜਦੇ ਹਨ, ਉਨ੍ਹਾਂ ਨੂੰ ਕੀ ਕਿਹਾ ਜਾਦਾ ਹੈ?

ਉ: ਸੁਸਿਰ ਸਾਜ

ਪ੍ਰ. 78 ਇਕ ਅਵਨਧ ਸਾਜ ਦਾ ਨਾ ਲਿਖੋ।

ਉ: ਢੋਲ

ਪ੍ਰ. 79 ਇਕ ਘਣ ਸਾਜ ਦਾ ਨਾਂ ਲਿਖੋ।

ਉ: ਚਿਮਟਾ

ਪ੍ਰ. 80 ਇਕ ਸੁਸਿਰ ਸਾਜ ਦਾ ਨਾਂ ਲਿਖੋ

ਉ: ਬੰਸਰੀ

ਪ੍ਰ. 81 ਇਕ ਤੱਤ ਸਾਜ ਦਾ ਨਾਂ ਲਿਖੋ।

ਉ: ਤੂੰਬੀ

ਪ੍ਰ. 82 ਸੱਪ ਸਾਜ ਕਿਸ ਨਾਲ ਵਰਤਿਆ ਜਾਂਦਾ ਹੈ?

ਉ: ਭੰਗੜੇ ਨਾਲ

ਪ੍ਰ.83 ਢੋਲ ਦਾ ਪ੍ਰਯੋਗ ਕਿਸ ਨਾਲ ਕੀਤਾ ਜਾਂਦਾ ਹੈ?

ਉ: ਭੰਗੜੇ ਨਾਲ

ਪ੍ਰ.84 ਅਲਗੋਜੇ ਕਿਸ ਨਾਲ ਵਜਾਏ ਜਾਂਦੇ ਹਨ?

ਉ: ਭੰਗੜਾ ਅਤੇ ਲੋਕ ਗੀਤਾਂ ਨਾਲ।

ਪ੍ਰ. 85 ਢੱਡ ਦਾ ਪ੍ਰਯੋਗ ਕਿਸ ਨਾਲ ਕੀਤਾ ਜਾਂਦਾ ਹੈ?

ਉ: ਵਾਰਾਂ ਅਤੇ ਕਲੀਆਂ ਨਾਲ।

ਪ੍ਰ. 86 ਤੂੰਬੀ ਕਿਸ ਨਾਲ ਵਜਾਈ ਜਾਂਦੀ ਹੈ?

ਉ: ਲੋਕ ਗੀਤਾਂ ਨਾਲ

ਪ੍ਰ. 87 ਸਾਰੰਗੀ ਕਿਸ ਯੰਤਰ ਨਾਲ ਵਜਾਈ ਜਾਂਦੀ ਹੈ?

ਉ: ਕਮਾਣੀ ਨਾਲ।

ਪ੍ਰ. 88 ਢੋਲਕੀ ਦੀ ਪੁੜੀ ਕਿਸ ਵਸਤੂ ਦੀ ਬਣੀ ਹੁੰਦੀ ਹੇ?

ਉ: ਚਮੜੇ ਦੀ।

ਪ੍ਰ. 89 ਖੜਤਾਲਾਂ ਕਿਹੜੇ ਗੀਤ ਪ੍ਰਕਾਰਾਂ ਨਾਲ ਵਜਾਈਆਂ ਜਾਂਦੀਆਂ ਹਨ।

ਉ: ਸ਼ਬਦ, ਭਜਨਾਂ ਨਾਲ

ਪ੍ਰ. 90 ਘੜਾ ਕਿਸ ਦਾ ਬਣਿਆ ਹੁੰਦਾ ਹੈ?

ਉ: ਮਿੱਟੀ, ਪਿੱਤਲ, ਕਾਂਸੇ ਦਾ।

ਪ੍ਰ. 91 ਭੁਪਾਲੀ ਕਿਹੜੇ ਥਾਟ ਦਾ ਰਾਗ ਹੈ?

ਉ: ਕਲਿਆਣ।

ਪ੍ਰ. 92 ਭੁਪਾਲੀ ਕਿਹੜੀ ਜਾਤੀ ਦਾ ਰਾਗ ਹੈ?

ਉ: ਔੜਵ-ਔੜਵ

ਪ੍ਰ. 93 ਭੁਪਾਲੀ ਦੇ ਵਾਦੀ-ਸੰਵਾਦੀ ਸੁਰ ਕਿਹੜੇ ਹਨ?

ਉ: ਗਾ ਅਤੇ ਧਾ

ਪ੍ਰ. 94 ਭੁਪਾਲੀ ਦਾ ਸਮਪ੍ਰਕ੍ਰਿਤਿਕ ਰਾਗ ਦਾ ਨਾਮ ਲਿਖੋ?

ਉ: ਦੇਸ਼ਕਾਰ।

ਪ੍ਰ. 95 ਖਮਾਜ ਰਾਗ ਦਾ ਥਾਟ ਦੱਸੋ।

ਉ: ਖਮਾਜ ਥਾਟ

ਪ੍ਰ.96 ਖਮਾਜ ਰਾਗ ਦਾ ਵਾਦੀ ਸੰਵਾਦੀ ਦੱਸੋ।

ਉ: ਗਾ ਅਤੇ ਨੀ

ਪ੍ਰ. 97 ਖਮਾਜ ਰਾਗ ਦੇ ਆਰੋਹ ਵਿੱਚ ਕਿਹੜਾ ਸੁਰ ਵਰਜਿਤ ਹੈ?

ਉ: ਰੇ (ਰਿਸਭ)

ਪ੍ਰ. 98 ਖਮਾਜ ਰਾਗ ਵਿੱਚ ਕਿਹੜੇ ਦੋ ਸਵਰ ਇੱਕਠੇ ਪ੍ਰਯੋਗ ਹੁੰਦੇ ਹਨ?

ਉ: ਨੀ (ਨਿਸ਼ਾਦ) (ਕੋਮਲ ਅਤੇ ਸੁੱਧ)

ਪ੍ਰ. 99 ਭੈਰਵ ਰਾਗ ਦੀ ਜਾਤੀ ਕਿਹੜੀ ਹੈ?

ਉ: ਸੰਪੂਰਨ-ਸੰਪੂਰਨ

ਪ੍ਰ. 100 ਭੈਰਵ ਰਾਗ ਵਿੱਚ ਕਿਹੜੇ ਸੁਰ ਲੱਗਦੇ ਹਨ?

ਉ: ਰੁੇ, ਧੁ ਕੋਮਲ

ਪ੍ਰ. 101 ਭੈਰਵ ਰਾਗ ਕਿਹੜੀ ਪ੍ਰਕ੍ਰਿਤੀ ਦਾ ਰਾਗ ਹੈ?

ਉ: ਗੰਭੀਰ

ਪ੍ਰ. 102 ਇਕਤਾਲ ਕਿੰਨੀਆ ਮਾਤਰਾ ਦੀ ਤਾਲ ਹੈ?

ਉ: 12

ਪ੍ਰ. 103 ਇਕਤਾਲ ਦੇ ਕਿੰਨੀਆਂ ਮਾਤਰਾ ਦੇ ਛੇ ਵਿਭਾਗ ਹਨ?

ਉ: 2-2 ਮਾਤਰਾ ਦੇ।

ਪ੍ਰ. 104 ਇਕਤਾਲ ਵਿਚ ਕਿੰਨੀਆਂ ਖਾਲੀ ਹਨ?

ਉ: 2 ਖਾਲੀ ਹਨ।

ਪ੍ਰ. 105 ਇਕਤਾਲ ਵਿਚ ਕਿੰਨੀਆਂ ਤਾਲੀ ਹਨ?

ਉ: 4 ਤਾਲੀਆਂ ਹਨ।

ਪ੍ਰ. 106 ਇਕਤਾਲ ਕਿਹੜੇ ਸੰਗੀਤ ਦੀ ਪ੍ਰਮੁੱਖ ਤਾਲ ਹੈ?

ਉ: ਸ਼ਾਸ਼ਤਰੀ ਸੰਗੀਤ।

ਪ੍ਰ. 107 ਰੂਪਕ ਤਾਲ ਕਿੰਨੇ ਮਾਤਰਾ ਦੀ ਤਾਲ ਹੈ?

ਉ: 7 ਮਾਤਰਾ ਦੀ।

ਪ੍ਰ. 108 ਰੂਪਕ ਤਾਲ ਦੀ ਖਾਲੀ ਕਿਹੜੀ ਮਾਤਰਾ ਤੇ ਹੈ?

ਉ: ਪਹਿਲੀ

ਪ੍ਰ. 109 ਰੂਪਕ ਤਾਲ ਦੇ ਕਿੰਨੇ ਵਿਭਾਗ ਹਨ?

ਉ: ਤਿੰਨ

ਪ੍ਰ. 110 ਰੂਪਕ ਤਾਲ ਦੇ ਤਿੰਨ ਵਿਭਾਗ ਕਿੰਨੀ-ਕਿੰਨੀ ਮਾਤਰਾ ਦੇ ਹਨ?

ਉ: 3-2-2

ਪ੍ਰ. 111 ਰੂਪਕ ਤਾਲ ਵਿੱਚ ਕਿੰਨੀਆਂ ਤਾਲੀਆਂ ਹਨ।

ਉ: ਦੋ

ਪ੍ਰ. 112 ਰੂਪਕ ਤਾਲ ਦੀਆਂ ਦੋ ਤਾਲੀਆਂ ਕਿਹੜੀ-ਕਿਹੜੀ ਮਾਤਰਾ ਤੇ ਹਨ?

ਉ: 4 ਅਤੇ 6

ਪ੍ਰ. 113 ਚਾਰਤਾਲ ਕਿੰਨੇ ਮਾਤਰਾ ਦੀ ਤਾਲ ਹੈ?

ਉ: 12

ਪ੍ਰ. 114 ਚਾਰਤਾਲ ਦੇ ਕਿੰਨੇ ਵਿਭਾਗ ਹਨ?

ਉ: 6

ਪ੍ਰ. 115 ਚਾਰਤਾਲ ਦੇ ਛੇ ਵਿਭਾਗ ਕਿੰਨੀਆਂ-ਕਿੰਨੀਆਂ ਮਾਤਰਾਵਾਂ ਦੇ ਹਨ?

ਉ: 2-2

ਪ੍ਰ. 116 ਚਾਰਤਾਲ ਕਿਸ ਗਾਇਨ ਸ਼ੈਲੀ ਨਾਲ ਵਜਾਈ ਜਾਂਦੀ ਹੈ?

ਉ: ਧਰੁਪਦ

ਪ੍ਰ. 117 ਚਾਰਤਾਲ ਕਿਸ ਪ੍ਰਕਾਰ ਦੇ ਬੋਲਾਂ ਦੀ ਤਾਲ ਹੈ?

ਉ: ਖੁੱਲੇ ਬੋਲਾਂ ਦੀ।

ਪ੍ਰ. 118 ਚਾਰਤਾਲ ਕਿਸ ਵਾਦਸ ਤੇ ਵਜਾਈ ਜਾਂਦੀ ਹੈ?

ਉ: ਪਖਾਵਜ।

ਪ੍ਰ. 119 ਚਾਰਤਾਲ ਵਿਚ ਕਿੰਨੀਆਂ ਖਾਲੀ ਹਨ?

ਉ: 2

ਪ੍ਰ. 120 ਚਾਰਤਾਲ ਵਿਚ ਕਿੰਨੀਆਂ ਤਾਲੀਆਂ ਹਨ?

ਉ: 4

ਪ੍ਰ. 121 ਤਾਨਸੇਨ ਵਿਚ ਕਿਹੜੀ ਕਲਾ ਸੀ?

ਉ: ਗਾਇਕੀ ਦੀ

ਪ੍ਰ. 122 ਤਾਨਸੇਨ ਦੇ ਗੁਰੂ ਦਾ ਨਾਮ ਲਿਖੋ।

ਉ: ਸਵਾਮੀ ਹਰੀਦਾਸ

ਪ੍ਰ. 123 ਤਾਨਸੇਨ ਦੇ ਪਿਤਾ ਦਾ ਨਾਮ ਦੱਸੋ।

ਉ: ਮੁਕੰਦ ਰਾਮ ਪਾਂਡੇ।

ਪ੍ਰ. 124 ਤਾਨਸੇਨ ਕਿਸ ਮੁਗਲ ਸਮਰਾਟ ਦਾ ਦਰਬਾਰੀ ਗਾਇਕ ਸੀ?

ਉ. ਅਕਬਰ ਦੇ ਦਰਬਾਰ ਦਾ

ਪ੍ਰ.125 ਤਾਨਸੇਨ ਦੀ ਪਤਨੀ ਦਾ ਨਾਮ ਦੱਸੋ।

ਉ. ਹੁਸੈਨੀ ਰਾਜਕੁਮਾਰੀ

ਪ੍ਰ.126 ਤਾਨਸੇਨ ਦੇ ਕਿੰਨੇ ਪੁੱਤਰ ਸਨ।

ਉ. ਚਾਰ ਪੁੱਤਰ ਸਨ।

ਪ੍ਰ.127 ਤਾਨਸੇਨ ਦੀਆਂ ਕਿੰਨੀਆਂ ਪੁੱਤਰੀਆਂ ਸਨ।

ਉ. ਇੱਕ ਪੁੱਤਰੀ ਸੀ।

ਪ੍ਰ.128 ਤਾਨਸੇਨ ਦੀ ਧੀ ਦਾ ਨਾਮ ਦੱਸੋ।

ਉ. ਸਰਸਵਤੀ।

ਪ੍ਰ.129 ਤਾਨਸੇਨ ਨੇ ਕਿਹੜੇ ਦੋ ਰਾਗ ਬਣਾਏ ਤੇ ਮੌਤ ਕਦੋਂ ਹੋਈ?

ਉ. ਦਰਬਾਗੀ ਕਾਨ੍ਹੜਾ ਅਤੇ ਮੀਆਂ ਕੀ ਤੋੜੀ, ਤਾਨਸੇਨ ਦੀ ਮੌਤ 1585 ਈ. ਵਿੱਚ ਹੋਈ।

ਪ੍ਰ. 130 ਭੈਰਵ ਕਿਹੜੇ ਥਾਟ ਦਾ ਰਾਗ ਹੈ?

ਉ: ਭੈਰਵ

ਪ੍ਰ. 131 ਭੈਰਵ ਦੀ ਜਾਤੀ ਕਿਹੜੀ ਹੈ।

ਉ. ਸੰਪੂਰਨ-ਸੰਪੂਰਨ

ਪ੍ਰ. 132 ਭੈਰਵ ਰਾਗ ਵਿੱਚ ਕਿਹੜੇ ਸੁਰ ਲੱਗਦੇ ਹਨ?

ਉ. ਰੇ, ਧ ਕੋਮਲ ਬਾਕੀ ਸ਼ੁੱਧ।

ਪ੍ਰ. 133 ਭੈਰਵ ਰਾਗ ਦੀ ਸਮਪ੍ਰਕ੍ਰਿਤਕ ਰਾਗ ਕਿਹੜਾ ਹੈ?

ਉ. ਕਲਿੰਗੜਾ।

ਪ੍ਰ. 134 ਭੈਰਵ ਰਾਗ ਕਿਹੜੀ ਪ੍ਰਕਿਰਤੀ ਦਾ ਰਾਗ ਹੈ?

ਉ. ਗੰਭੀਰ

ਪ੍ਰ. 135 ਭੈਰਵ ਕਿਹੜੇ ਸਮੇ ਦਾ ਰਾਗ ਹੈ?

ਉ.: ਪ੍ਰਾਤ ਕਾਲ

ਪ੍ਰ. 136 ਭੈਰਵ ਰਾਗ ਕਿੰਨਾ ਪੁਰਾਣਾ ਰਾਗ ਹੈ।

ਉ. ਪ੍ਰਾਚੀਨ ਸਮੇਂ ਤੱਕ ਦਾ

**ਖਾਲੀ ਥਾਵਾਂ ਭਰੋ:**

137. ਸੱਤ ਸਵਰਾਂ ਦੇ ਸਮੂਹ ਨੂੰ ਸਪਤਕ ਕਹਿੰਦੇ ਹਨ।

138. ਸਪਤਕ ਦਾ ਅਰਥ ਸੱਤ ਹੁੰਦਾ ਹੈ।

139. ਸਪਤਕ ਤਿੰਨ ਪ੍ਰਕਾਰ ਦੇ ਹੁੰਦੇ ਹਨ।

140. ਨੀਵੀਂ ਅਤੇ ਭਾਰੀ ਆਵਾਜ਼ ਨੂੰ ਮੰਦਰ ਸਪਤਕ ਦੀ ਆਵਾਜ਼ ਕਹਿੰਦੇ ਹਨ।

141. ਮੰਦਰ ਸਪਤਕ ਦੇ ਸੁਰਾਂ ਦੀ ਪਹਿਚਾਣ ਲਈ ਸੁਰਾਂ ਦੇ ਹੇਠਾਂ ਬਿੰਦੂ ਲੱਗਦਾ ਹੈ।

142. ਸਾਧਾਰਨ ਆਵਾਜ਼ ਨੂੰ ਮੱਧ ਸਪਤਕ ਦੀ ਆਵਾਜ਼ ਕਹਿੰਦੇ ਹਨ।

143. ਮੱਧ ਸਪਤਕ ਦੀ ਆਵਾਜ਼ ਤੋਂ ਦੁੱਗਣੀ ਉੱਚੀ ਆਵਾਜ਼ ਨੂੰ ਤਾਰ ਸਪਤਕ ਦੀ ਆਵਾਜ਼ ਕਹਿੰਦੇ ਹਨ।

144. ਅਚਲ ਸੁਰ ਸਥਿਰ ਸੁਰ ਹੁੰਦਾ ਹੈ। (ਸਥਿਰ)

145. ਆਪਣੀ ਜਗ੍ਹਾ ਤੋਂ ਨਾ ਹਿੱਲਣ ਵਾਲੇ ਸੁਰਾਂ ਨੂੰ ਅਚਲ ਸੁਰ ਕਹਿੰਦੇ ਹਨ।

146. ਅਚਲ ਸੁਰ ਦੋ ਹਨ।

147. ਸ ਅਤੇ ਪ ਅਚਲ ਸੁਰ ਹਨ।

148. ਆਪਣੀ ਜਗ੍ਹਾ ਤੋਂ ਹਿੱਲਣ ਵਾਲੇ ਸੁਰਾਂ ਨੂੰ ਚਲ ਸੁਰ ਕਹਿੰਦੇ ਹਨ।

149. ਚਲ ਸੁਰਾਂ ਦੀ ਗਿਣਤੀ ਪੰਜ ਹੈ।

150. ਰੇ, ਗਾ, ਮਾ, ਧਾ, ਨੀ, ਸੁਰ ਚਲ ਸੁਰ ਹਨ।

151. ਅਲੰਕਾਰ ਸ਼ਬਦ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ।

152. ਅਲੰਕਾਰ ਦਾ ਅਰਥ ਸਜਾਉਣਾ ਹੁੰਦਾ ਹੈ।

153. ਅਲੰਕਾਰਾਂ ਨੂੰ ਪਲਟਾ ਵੀ ਕਿਹਾ ਜਾਂਦਾ ਹੈ।

154. ਤਾਨਾਂ ਅਲੰਕਾਰਾਂ ਦੇ ਆਧਾਰ ਤੇ ਬਣਦੀਆਂ ਹਨ।

155. ਅਲੰਕਾਰ ਵਜਾਉਣ ਅਤੇ ਗਾਉਣ ਨਾਲ ਸੁਰਾਂ ਦਾ ਗਿਆਨ ਵੱਧਦਾ ਹੈ।

156. ਸ਼ਰੁਤੀ ਦਾ ਅਰਥ ਸੁਣਨਾ ਹੈ।
157. ਜਿਹੜੀ ਧੁਨੀ ਅਲੱਗ ਪਹਿਚਾਣੀ ਜਾਵੇ, ਉਸ ਨੂੰ ਸੰਗੀਤ ਵਿੱਚ ਸ਼ਰੁਤੀ ਕਹਿੰਦੇ ਹਨ।
158. ਸ਼ਰੁਤੀਆਂ ਦੀ ਗਿਣਤੀ 22 ਮੰਨੀ ਗਈ ਹੈ।
159. ਠਾਹ ਨੂੰ ਬਰਾਬਰ ਦੀ ਲੈਅ ਵੀ ਕਹਿੰਦੇ ਹਨ।
160. ਇੱਕ ਮਾਤਰਾ ਵਿਚ ਗਾਏ ਜਾਂ ਵਜਾਏ ਬੋਲ ਨੂੰ ਠਾਹ ਕਹਿੰਦੇ ਹਨ।
161. ਇੱਕ ਮਾਤਰਾ ਵਿੱਚ ਗਾਏ ਜਾਣ ਵਾਲੇ ਦੋ ਬੋਲਾਂ ਨੂੰ ਦੁੱਗਣ ਕਹਿੰਦੇ ਹਨ।
162. ਟੇਡੇ ਕ੍ਰਮ ਵਿੱਚ ਗਾਏ ਜਾਂ ਦੇ ਸੁਰਾਂ ਨੂੰ ਵਕਰ ਸੁਰ ਕਹਿੰਦੇ ਹਨ।
163. ਰਾਗ ਦੇ ਸਵਰਾਂ ਵਿਚ ਰਚੀ ਗਈ ਤਾਲਬੱਧ ਰਚਨਾ ਨੂੰ ਸਰਗਰਮ ਗੀਤ ਕਹਿੰਦੇ ਹਨ।
164. ਗੀਤ ਦੇ ਪਹਿਲੇ ਭਾਗ ਨੂੰ ਸਥਾਈ ਕਹਿੰਦੇ ਹਨ।
165. ਗੀਤੇ ਦੇ ਦੂਸਰੇ ਭਾਗ ਨੂੰ ਅੰਤਰਾ ਕਹਿੰਦੇ ਹਨ।
166. ਸੱਤ ਸਵਰਾਂ ਦਾ ਉਹ ਸਮੂਹ ਜਿਸ ਵਿਚ ਰਾਗ ਪੈਦਾ ਕਰਨ ਦੀ ਸ਼ਕਤੀ ਹੋਵੇ, ਉਸ ਨੂੰ ਥਾਟ ਕਹਿੰਦੇ ਹਨ।
167. ਥਾਟ ਨੂੰ ਮੇਲ ਵੀ ਕਹਿੰਦੇ ਹਨ।
168. ਪੰਡਿਤ ਭਾਤਖੰਡੇ ਜੀ ਨੇ 10 ਥਾਟਾਂ ਦੇ ਅੰਤਰਗਤ ਰਾਗਾਂ ਦਾ ਵਰਗੀਕਰਣ ਕੀਤਾ।
169. ਥਾਟ ਵਿੱਚ 7 ਸੁਰਾਂ ਦਾ ਹੋਣਾ ਜਰੂਰੀ ਹੈ।
170. ਥਾਟ ਵਿੱਚ ਸੁਰ ਕ੍ਰਮ ਅਨੁਸਾਰ ਹੋਣੇ ਚਾਹੀਦੇ ਹਨ।
171. ਥਾਟ ਦੇ ਸੁਰ ਕੇਵਲ ਆਰੋਹ ਕ੍ਰਮ ਵਿੱਚ ਹੁੰਦੇ ਹਨ।
172. ਬਿਲਾਵਲ ਥਾਟ ਵਿੱਚ ਗੁਾ ਅਤੇ ਨੁੀ ਕੋਮਲ ਲੱਗਦੇ ਹਨ।
173. ਭੈਰਵ ਥਾਟ ਵਿੱਚ ਰੁੇ ਅਤੇ ਧੁਾ ਸੁਰ ਕੋਮਲ ਲੱਗਦੇ ਹਨ।
174. ਅੱਜ ਕਲ੍ਹ ਖਿਆਲ ਗਾਇਨ ਸ਼ੈਲੀ ਸਭ ਤੋਂ ਵੱਧ ਪ੍ਰਚਲਿਤ ਹੈ।
175. ਖਿਆਲ ਸ਼ਬਦ ਫਾਰਸੀ ਭਾਸ਼ਾ ਦਾ ਸ਼ਬਦ ਹੈ।
176. ਖਿਆਲ ਦਾ ਅਰਥ ਵਿਚਾਰ ਜਾਂ ਕਲਪਨਾ ਹੈ।
177. ਰਾਗ ਦਾ ਵਿਸਤਾਰ ਆਲਾਪ ਤੇ ਤਾਨ ਗਾ ਕੇ ਕੀਤਾ ਜਾਂਦਾ ਹੈ।
178. ਖਿਆਲ ਸ਼ੈਲੀ ਦਾ ਜਨਮ 15ਵੀਂ ਸਦੀ ਵਿਚ ਹੋਇਆ।
179. ਖਿਆਲ ਦੇ ਦੋ ਪ੍ਰਕਾਰ ਹਨ।
180. ਬੜੇ ਖਿਆਲ ਨੂੰ ਵਿਲੰਬਿਤ ਖਿਆਲ ਵੀ ਕਿਹਾ ਜਾਂਦਾ ਹੈ।
181. ਛੋਟੇ ਖਿਆਲ ਨੂੰ ਦਰੁੱਤ ਖਿਆਲ ਵੀ ਕਿਹਾ ਜਾਂਦਾ ਹੈ।
182. ਵੱਡੇ ਖਿਆਲ ਦੀ ਪ੍ਰਕਿਰਤੀ ਗੰਭੀਰ ਹੁੰਦੀ ਹੈ।
183. ਛੋਟੇ ਖਿਆਲ ਦਾ ਜਨਮਦਾਤਾ ਅਮੀਰ ਖੁਸਰੋ ਨੂੰ ਮੰਨਿਆ ਜਾਂਦਾ ਹੈ।
184. ਤੇਜ਼ ਲੈਅ ਨੂੰ ਦਰੁੱਤ ਲੈਅ ਵੀ ਕਹਿੰਦੇ ਹਨ।
185. ਭਾਰਤੀ ਸ਼ਾਸਤਰੀ ਸੰਗੀਤ ਵਿੱਚ ਤਾਨਪੁਰੇ ਦਾ ਮਹੱਤਵਪੂਰਨ ਸਥਾਨ ਹੈ।
186. ਤਾਨਪੁਰੇ ਤੋਂ ਲਗਾਤਾਰ ਸੁਰ ਮਿਲਦਾ ਹੈ।
187. ਉੱਤਰੀ ਅਤੇ ਦੱਖਣੀ ਭਾਰਤੀ ਸੰਗੀਤ ਵਿਚ ਤਾਨਪੁਰੇ ਸਾਜ ਦਾ ਖਾਸ ਮਹੱਤਵ ਹੈ।
188. ਤੂੰਬਰੂ ਨਾਮਕ ਗੰਧਰਵ ਤਾਨਪੁਰੇ ਦਾ ਜਨਮਦਾਤਾ ਹੈ।
189. ਤਾਨਪੁਰੇ ਦੇ ਹੇਠਲੇ ਗੋਲਾਕਾਰ ਭਾਗ ਨੂੰ ਤੂੰਬਾ ਕਹਿੰਦੇ ਹਨ।
190. ਗੋਲਾਕਾਰ ਤੂੰਬਾ ਦਾ ਕੱਦੂ ਬਣਿਆ ਹੁੰਦਾ ਹੈ।

191. ਗੋਲਾਕਾਰ ਤੂੰਬਾ ਵਿਚੋਂ ਖੋਖਲਾ ਹੁੰਦਾ ਹੈ।

192. ਤਬਲੀ, ਤੂੰਬੇ ਦੇ ਉੱਪਰ ਲਗਾਈ ਜਾਂਦੀ ਹੈ।

193. ਤੂੰਬੇ ਨਾਲ ਜੁੜਿਆ ਲੰਬਾ ਖੋਖਲਾ ਲਕੜੀ ਦਾ ਟੁਕੜਾ ਡਾਂਡ ਕਹਾਉਂਦਾ ਹੈ।

194. ਲੰਗੋਟ ਤੂੰਬੇ ਦੇ ਹੇਠਾਂ ਹੁੰਦਾ ਹੈ।

195. ਡਾਂਡ ਦੇ ਉਪਰ ਛੇਕਾਂ ਵਾਲੀ ਪੱਟੀ, ਜਿਸ ਵਿਚੋਂ ਤਾਰ ਲੰਘਦੇ ਹਨ ਉਸ ਨੂੰ ਤਾਰਦਾਨ ਕਹਿੰਦੇ ਹਨ।

196. ਕੀਲ ਅਤੇ ਘੁੜਚ ਦੇ ਵਿਚਕਾਰ ਤਾਰਾਂ ਵਿਚ ਮਣਕੇ ਪਰੋਏ ਜਾਂਦੇ ਹਨ।

197. ਮਣਕਿਆਂ ਨੂੰ ਮੋਤੀ ਵੀ ਕਹਿੰਦੇ ਹਨ।

198. ਧਾਗੇ ਨਾਲ ਤਾਰਾਂ ਵਿਚ ਝੰਕਾਰ ਪੈਦਾ ਹੁੰਦੀ ਹੈ।

199. ਤਾਨਪੁਰੇ ਦੇ ਪਹਿਲੇ ਤਿੰਨ ਤਾਰ ਲੋਹੇ ਦੇ ਹੁੰਦੇ ਹਨ।

200. ਉੱਤਰ ਭਾਰਤੀ ਸੰਗੀਤ ਵਿੱਚ ਭਾਤਖੰਡੇ ਸਵਰ ਲਿੱਪੀ ਦਾ ਪ੍ਰਯੋਗ ਹੁੰਦਾ ਹੈ।

201. ਪੰਡਿਤ ਭਾਤਖੰਡੇ ਜੀ ਨੇ ਨੋਟੇਸ਼ਨ ਪੱਧਤੀ ਸ਼ੁਰੂ ਕਰਵਾਈ ਸੀ।

202. ਸਵਰਾਂ ਦੇ ਤਿੰਨ ਪ੍ਰਕਾਰ ਹਨ।

203. ਸ਼ੁੱਧ, ਕੋਮਲ ਅਤੇ ਤੀਵਰ ਸੁਰ ਦੇ ਪ੍ਰਕਾਰ ਹਨ।

204. ਮੰਦਰ ਸਪਤਕ ਦੇ ਸੁਰਾਂ ਦੇ ਬਿੰਦੂ ਦਾ ਚਿੰਨ ਲੱਗਦਾ ਹੈ।

205. ਤਾਰ ਸਪਤਕ ਦੇ ਸੁਰਾਂ ਦੇ ਉਪਰ ਬਿੰਦੂ ਦਾ ਚਿੰਨ ਲੱਗਦਾ ਹੈ।

206. ਅਰਧ ਚੰਦਰਮਾ ਦਾ ਚਿੰਨ (ˇ) ਹੈ।

207. ਖਾਲੀ ਦਾ ਚਿੰਨ੍ਹ 0 ਹੈ।

208. ਵਿਭਾਗ ਲਈ ਖੜੀ ਰੇਖਾ ਹੁੰਦੀ ਹੈ।

209. ਤਾਲੀ ਦੇ ਚਿੰਨ੍ਹ ਲਈ 1,2,3 ਗਿਣਤੀ ਹੁੰਦੀ ਹੈ।

210. ਲਿਖੀ ਸਮਗਰੀ ਸੰਭਾਲ ਕੇ ਰੱਖਣ ਲਈ ਲਿਪੀ ਜਰੂਰੀ ਹੈ।

211. ਸਵਰ ਲਿੱਪੀ ਰਾਹੀ ਸੰਗੀਤ ਸਿੱਖਣਾ ਸੌਖਾ ਹੁੰਦਾ ਹੈ।

212. ਸਵਰ ਲਿੱਪੀ ਰਾਹੀਂ ਰਾਗਾਂ ਨੂੰ ਲਿੱਪੀ ਬੱਧ ਕੀਤਾ ਜਾਂਦਾ ਹੈ।

213. ਸ਼ਬਦ ਗਾਇਨ ਗੁਰੂਆਂ ਦੀ ਬਾਣੀ ਹੈ।

214. ਗੁਰਦੁਆਰਿਆਂ ਵਿਚ ਸ਼ਬਦ ਗਾਏ ਜਾਂਦੇ ਹਨ।

215. ਸ਼ਬਦ ਰਾਗਾਂ ਵਿਚ ਗਾਏ ਜਾਂਦੇ ਹਨ।

216. ਸ਼ਬਦ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਲਿਖੇ।

217. ਗੁਰੂ ਨਾਨਕ ਦੇਵ ਜੀ ਦੇ ਸਮੇਂ ਕੀਰਤਨ ਪ੍ਰਥਾ ਪ੍ਰਚਲਿਤ ਸੀ।

218. ਕੀਰਤਨ ਦਾ ਸਮਾਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਨਿਰਧਾਰਿਤ ਹੋਇਆ।

219. ਕੀਰਤਨ ਦਾ ਸਮਾਂ ਦਿਨ ਵਿਚ ਚਾਰ ਵਾਰ ਰੱਖਿਆ ਗਿਆ।

220. ਸਮੇਂ ਦੇ ਚੱਕਰ ਨੂੰ ਚੌਂਕੀ ਕਿਹਾ ਗਿਆ।

221. ਆਸਾ ਦੀ ਵਾਰ ਦੀ ਬਾਣੀ ਸਵੇਰ ਵੇਲੇ ਗਾਈ ਜਾਂਦੀ ਹੈ।

222. ਚਰਣ ਕਮਲ ਦੀ ਚੌਂਕੀ ਦਿਨ ਦੇ ਪਹਿਲ ਪਹਿਰ ਤੋਂ ਆਰੰਭ ਹੁੰਦੀ ਹੈ।

223. ਕਲਿਆਣ ਦੀ ਚੌਂਕੀ ਰਾਤ ਦੇ ਪਹਿਲੇ ਪਹਿਰ ਤੋਂ ਬਾਅਦ ਗਾਈ ਜਾਂਦੀ ਹੈ।

224. ਗੁਰੂ ਅਰਜਨ ਦੇਵ ਜੀ ਨੇ 22 ਰਾਗਾਂ ਵਿਚ ਬਾਣੀ ਰਚੀ।

225. ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਕੁੱਲ 31 ਰਾਗਾਂ ਵਿਚ ਰਚੇ ਗਏ ਹਨ।

226. ਪ੍ਰਮਾਤਮਾ ਦੀ ਉਪਾਸਨਾ ਵਿਚ ਗਾਏ ਗੀਤਾਂ ਨੂੰ ਭਜਨ ਕਹਿੰਦੇ ਹਨ।
227. ਭਜਨ ਗਾਉਣ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ।
228. ਦੇਵਤਿਆਂ ਦੇ ਗੁਣਗਾਨ ਕਰਨ ਨੂੰ ਭਜਨ ਕਹਿੰਦੇ ਹਨ।
229. ਭਗਤੀ ਕਾਲ ਵਿਚ ਸੂਰਦਾਸ ਅਤੇ ਕਬੀਰ ਭਗਤ ਹੋਏ।
230. ਭਜਨਾਂ ਦਾ ਗਾਇਨ ਰਾਗਾਂ ਵਿਚ ਹੁੰਦਾ ਹੈ।
231. ਮੰਦਿਰਾਂ ਵਿਚ ਭਜਨ ਗਾਏ ਜਾਂਦੇ ਹਨ।
232. ਲੋਕ ਗੀਤ ਸੰਗੀਤ ਦੀ ਸਭ ਤੋਂ ਪੁਰਾਣੀ ਸ਼ੈਲੀ ਹੈ।
233. ਭਿੰਨ-ਭਿੰਨ ਅਵਸਰਾਂ ਤੇ ਗਾਏ ਗੀਤਾਂ ਨੂੰ ਲੋਕਗੀਤ ਕਹਿੰਦੇ ਹਨ।
234. ਲੋਕ-ਗੀਤਾਂ ਦਾ ਸੰਬੰਧ ਲੋਕਾਂ ਨਾਲ ਹੁੰਦਾ ਹੈ।
235. ਲੋਕ-ਗੀਤ ਸਰਲ ਹੁੰਦੇ ਹਨ।
236. ਪੰਜਾਬ ਦੇ ਲੋਕ ਗੀਤ ਹੀਰ ਅਤੇ ਜੱਗਾ ਹਨ।
237. ਮਿਰਜ਼ਾ, ਮਾਲਕੀ, ਘੋੜੀਆਂ ਆਦਿ ਪੰਜਾਬ ਦੇ ਲੋਕ-ਗੀਤ ਹਨ।
238. ਲੋਕ-ਗੀਤ ਮਨੁੱਖ ਦੇ ਜਨਮ ਤੋਂ ਮੌਤ ਤੱਕ ਸਾਥ ਹੁੰਦੇ ਹਨ।
239. ਸੰਗੀਤ ਮੰਚ ਪ੍ਰਦਰਸ਼ਨ ਦੀ ਕਲਾ ਹੈ।
240. ਸੰਗੀਤ ਦਾ ਮੁੱਖ ਉਦੇਸ਼ ਸਰੋਤਿਆਂ ਨੂੰ ਪ੍ਰਸੰਨ ਕਰਨਾ ਹੁੰਦਾ ਹੈ।
241. ਮਿੱਠੀ ਅਤੇ ਸੁਰੀਲੀ ਆਵਾਜ਼ ਗਾਇਕ ਦਾ ਮੁੱਖ ਗੁਣ ਹੈ।
242. ਗਾਉਂਦੇ ਸਮੇਂ ਗਾਇਕ ਇਕਾਗਰ ਹੋਣਾ ਚਾਹੀਦਾ ਹੈ।
243. ਅਵਾਜ਼ ਨੂੰ ਖੁੱਲਾ ਬਣਾਉਣ ਲਈ ਅਭਿਆਸ ਕਰਨਾ ਚਾਹੀਦਾ ਹੈ।
244. ਤਾਲ ਅਤੇ ਲੈਅ ਦਾ ਗਾਇਕ ਨੂੰ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।
245. ਗਾਇਕ ਨੂੰ ਭਿੰਨ-ਭਿੰਨ ਗਾਇਨ ਸ਼ੈਲੀਆਂ ਦਾ ਗਿਆਨ ਹੋਣਾ ਚਾਹੀਦਾ ਹੈ।
246. ਗਾਇਕ ਲੋਕਾਂ ਦਾ ਦਿਲ ਜਿੱਤਣ ਵਾਲਾ ਹੋਵੇ।
247. ਗਾਇਕ ਦੀ ਆਵਾਜ਼ ਤਿੰਨੋਂ ਸਪਤਕਾਂ ਵਿਚ ਆਰਾਮ ਨਾਲ ਲੱਗਦੀ ਹੋਵੇ।
248. ਵਿਧੀ ਅਨੁਸਾਰ ਸਿੱਖ ਕੇ ਹੀ ਇਕ ਚੰਗਾ ਗਾਇਕ ਬਣਦਾ ਹੈ।
249. ਦੰਦ ਪੀਸ ਕੇ ਗਾਉਣਾ ਗਾਇਕ ਦਾ ਦੋਸ਼ ਹੈ।

ਸਹੀ/ਗਲਤ ਦਾ ਨਿਸ਼ਾਨ ਲਗਾਉ:

250. ਸਪਤਕ ਵਿਚ ਸੱਤ ਸੁਰ ਹੁੰਦੇ ਹਨ। ✓
251. ਸਪਤਕ ਦੇ ਪ੍ਰਮੁੱਖ ਤਿੰਨ ਪ੍ਰਕਾਰ ਹਨ। ✓
252. ਮੰਦਰ ਸਪਤਕ ਦੇ ਸੁਰਾਂ ਦੇ ਹੇਠਾਂ ਬਿੰਦੂ ਲੱਗਦਾ ਹੈ। ✓
253. ਸਾਧਾਰਨ ਆਵਾਜ਼ ਮੱਧ ਸਪਤਕ ਦੀ ਹੁੰਦੀ ਹੈ। ✓
254. ਉੱਚੀ ਆਵਾਜ਼ ਨੂੰ ਤਾਰ ਸਪਤਕ ਦੀ ਆਵਾਜ਼ ਕਹਿੰਦੇ ਹਨ। ✓
255. ਸਥਿਰ ਸੁਰਾਂ ਨੂੰ ਅਚਲ ਸੁਰ ਕਹਿੰਦੇ ਹਨ। ✓
256. ਸ ਅਤੇ ਪ ਅਚਲ ਸੁਰ ਹਨ। ✓
257. ਅਚਲ ਸੁਰ 8 ਹਨ। ✕
258. ਚਲ ਸੁਰ ਪੰਜ ਹਨ। ✓
259. ਰੇ, ਗ, ਮ, ਧ, ਨੀ ਚਲ ਸੁਰ ਹਨ। ✓
260. ਅਲੰਕਾਰ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ✓

261. ਅਲੰਕਾਰਾਂ ਨੂੰ ਪਲਟਾ ਵੀ ਕਹਿੰਦੇ ਹਨ। ✓
262. ਅਲੰਕਾਰਾਂ ਤੋਂ ਤਾਨਾਂ ਬਣਦੀਆਂ ਹਨ। ✓
263. ਸ਼ਰੁਤੀ ਦਾ ਅਰਥ ਸੁਣਨਾ ਹੈ। ✓
264. ਹਰ ਸ਼ਰੁਤੀ ਨਾਦ ਹੁੰਦੀ ਹੈ। ×
265. ਬਰਾਬਰ ਦੀ ਲੈਅ ਨੂੰ ਠਾਹ ਕਹਿੰਦੇ ਹਨ। ✓
266. ਬਰਾਬਰ ਦੀ ਲੈਅ ਤੋਂ ਦੁੱਗਣੀ ਲੈਅ ਨੂੰ ਦੁੱਗਣ ਕਹਿੰਦੇ ਹਨ। ✓
267. ਸਪਾਟ ਗਾਏ ਜਾਣ ਵਾਲੇ, ਵਕਰ ਸੁਰ ਹੁੰਦੇ ਹਨ। ×
268. ਸੁਰਾਂ ਦੇ ਗਾਇਨ ਨੂੰ ਸਰਗਮ ਕਹਿੰਦੇ ਹਨ। ×
269. ਸਰਗਮ ਗੀਤ ਸ਼ਾਸਤਰੀ ਗਾਇਨ ਸ਼ੈਲੀ ਹੈ। ×
270. ਸਰਗਮ ਗੀਤ ਨਾਲ ਤੀਨ-ਤਾਲ ਅਤੇ ਝੱਪਤਾਲ ਤਾਲਾਂ ਵੱਜਦੀਆਂ ਹਨ। ✓
271. ਗੀਤ ਦਾ ਪਹਿਲਾ ਭਾਗ ਸਥਾਈ ਹੁੰਦਾ ਹੈ। ✓
272. ਗੀਤ ਦਾ ਦੂਜਾ ਭਾਗ ਅੰਤਰਾ ਹੁੰਦਾ ਹੈ। ✓
273. ਥਾਟ ਤੋਂ ਰਾਗ ਉਤਪੰਨ ਹੁੰਦੇ ਹਨ। ✓
274. ਥਾਟ ਨੂੰ ਮੇਲ ਵੀ ਕਹਿੰਦੇ ਹਨ। ✓
275. ਗਣਿਤ ਦੇ ਆਧਾਰ ਤੇ 72 ਥਾਟ ਬਣਦੇ ਹਨ। ✓
276. ਭਾਤਖੰਡੇ ਜੀ ਨੇ 10 ਥਾਟ ਮੰਨੇ ਹਨ। ✓
277. ਥਾਟ ਵਿਚ 7 ਸੁਰ ਜਰੂਰੀ ਹਨ। ✓
278. ਥਾਟ ਵਿਚ ਕੇਵਲ ਆਰੋਹ ਹੁੰਦਾ ਹੈ। ✓
279. ਥਾਟ ਗਾਇਆ ਜਾਂਦਾ ਹੈ। ×
280. ਬਿਲਾਵਲ ਥਾਟ ਸ਼ੁੱਧ ਥਾਟ ਹੈ। ✓
281. ਕਲਿਆਣ ਥਾਟ ਵਿੱਚ ਮੋ ਤੀਵਰ ਲੱਗਦਾ ਹੈ। ✓
282. ਕਾਫੀ ਥਾਟ ਵਿਚ ਸਾਰੇ ਸੁਰ ਸ਼ੁੱਧ ਲੱਗਦੇ ਹਨ। ×
283. ਭੈਰਵ ਥਾਟ ਵਿੱਚ ਰੇ, ਧਾ, ਕੋਮਲ ਸੁਰ ਲੱਗਦੇ ਹਨ। ✓
284. ਰੇ, ਧ ਕੋਮਲ, ਮੋ ਤੀਵਰ ਪੂਰਵੀ ਥਾਟ ਹੈ। ✓
285. ਰੇ ਕੋਮਲ ਮੋ ਤੀਵਰ ਮਾਰਵਾ ਥਾਟ ਹੈ। ✓
286. ਆਸਾਵਰੀ ਥਾਟ ਵਿਚ ਗ, ਧਾ, ਨੀ ਕੋਮਲ ਸੁਰ ਹਨ। ✓
287. ਰੇ, ਗਾ, ਧਾ, ਨੀ ਕੋਮਲ ਸੁਰਾਂ ਵਾਲਾ ਥਾਟ ਭੈਰਵੀ ਹੈ। ✓
288. ਰੇ, ਗਾ, ਧਾ, ਨੀ, ਕੋਮਲ, ਮੋ ਤੀਵਰ ਸੁਰਾਂ ਵਾਲਾ ਤੋੜੀ ਥਾਟ ਹੈ। ✓
289. ਖਿਆਲ ਫਾਰਸੀ ਭਾਸ਼ਾ ਦਾ ਸ਼ਬਦ ਹੈ। ✓
290. ਖਿਆਲ ਦਾ ਅਰਥ ਵਿਚਾਰ ਜਾਂ ਕਲਪਨਾ ਕਰਨਾ ਹੈ। ✓
291. ਆਲਾਪ, ਤਾਨ ਦੁਆਰਾ ਰਾਗ ਦਾ ਵਿਸਤਾਰ ਕੀਤਾ ਜਾਂਦਾ ਹੈ। ✓
292. 15ਵੀਂ ਸਦੀ ਵਿਚ ਖਿਆਲ ਦਾ ਜਨਮ ਹੋਇਆ। ✓
293. ਖਿਆਲ ਦੇ ਦੋ ਪ੍ਰਕਾਰ ਹਨ। ✓
294. ਛੋਟਾ ਖਿਆਲ ਅਤੇ ਬੜਾ ਖਿਆਲ ਧਰੁੱਪਦ ਦੇ ਪ੍ਰਕਾਰ ਹਨ। ✓
295. ਬੜੇ ਖਿਆਲ ਨੂੰ ਵਿਲੰਬਿਤ ਖਿਆਲ ਵੀ ਕਿਹਾ ਜਾਂਦਾ ਹੈ। ✓
296. ਛੋਟੇ ਖਿਆਲ ਨੂੰ ਦਰੁੱਤ ਖਿਆਲ ਵੀ ਕਿਹਾ ਜਾਂਦਾ ਹੈ। ✓

297. ਵੱਡਾ ਖਿਆਲ ਧੀਮੀ ਲੈਅ ਵਿਚ ਗਾਇਆ ਜਾਂਦਾ ਹੈ। ✓
298. ਛੋਟਾ ਖਿਆਲ ਤੇਜ਼ ਜਾਂ ਮੱਧ ਲੈਅ ਵਿੱਚ ਗਾਇਆ ਜਾਂਦਾ ਹੈ। ✓
299. ਉਸਤਾਦ ਫੈਯਾਜ਼ ਖਾਂ ਖਿਆਲ ਗਾਇਕ ਸਨ। ✓
300. ਘੁੜਚ ਹਾਥੀ ਦੇ ਦੰਦ ਦੀ ਬਣੀ ਹੁੰਦੀ ਹੈ। ✓
301. ਘੁੜਚ ਦੇ ਉਪਰ ਤਾਨਪੁਰੇ ਦੀਆਂ ਚਾਰੇ ਤਾਰਾਂ ਟਿਕੀਆਂ ਹੁੰਦੀਆਂ ਹਨ। ✓
302. ਤਾਨਪੁਰਾ ਇੱਕ ਤੰਤਰੀ ਸਾਜ਼ ਹੈ। ✓
303. ਤਾਨਪੁਰੇ ਤੋਂ ਲਗਾਤਾਰ ਸੁਰ ਨਿਕਲਦਾ ਹੈ। ✗
304. ਉੱਤਰੀ ਅਤੇ ਦੱਖਣੀ ਭਾਰਤ ਵਿੱਚ ਤਾਨਪੁਰਾ ਪ੍ਰਸਿੱਧ ਸਾਜ਼ ਹੈ। ✓
305. ਤਾਨਪੁਰਾ ਤੰਬਾਕੂ ਨਾਮਕ ਗੰਧਰਵ ਨੇ ਬਣਾਇਆ। ✓
306. ਤਾਨਪੁਰੇ ਦਾ ਤੂੰਬਾ ਕੱਦੂ ਦਾ ਬਣਦਾ ਹੈ। ✓
307. ਤੂੰਬਾ ਖਾਲੀ ਹੁੰਦਾ ਹੈ। ✓
308. ਤੂੰਬੇ ਦੇ ਢੱਕਣ ਨੂੰ ਤਬਲੀ ਕਹਿੰਦੇ ਹਨ। ✓
309. ਘੁੜਚ ਹੱਡੀ ਜਾਂ ਹਾਥੀ ਦੰਦ ਦੀ ਬਣਦੀ ਹੈ। ✓
310. ਚਾਰੇ ਤਾਰਾਂ ਘੁੜਚ ਦੇ ਉਪਰ ਟਿਕਦੀਆਂ ਹਨ। ✓
311. ਤੂੰਬੇ ਨਾਲ ਜੁੜੀ ਲੰਬੀ ਖਾਲੀ ਲੱਕੜ ਡਾਂਡ ਹੁੰਦੀ ਹੈ। ✓
312. ਡਾਂਡ ਦਾ ਉਪਰਲਾ ਹਿੱਸਾ ਸਿਰਾ ਕਹਾਉਂਦਾ ਹੈ। ✓
313. ਤੂੰਬੇ ਅਤੇ ਡਾਂਡ ਦੇ ਜੋੜ ਨੂੰ ਗੁੱਲੂ ਕਹਿੰਦੇ ਹਨ। ✓
314. ਲੰਗੋਟ ਜਾਂ ਕੀਲ ਤੂੰਬੇ ਦੇ ਹੇਠਾਂ ਹੁੰਦੀ ਹੈ। ✓
315. ਤਾਰਦਾਨ ਅਤੇ ਅੱਟੀ ਡਾਂਡ ਉੱਪਰ ਲੱਗੇ ਹੁੰਦੇ ਹਨ। ✓
316. ਤਾਰਦਾਨ ਨੂੰ ਤਾਰ ਗਹਿਨ ਵੀ ਕਹਿੰਦੇ ਹਨ। ✓
317. ਡਾਂਡ ਉੱਪਰ ਚਾਰੇ ਖੂੰਟੀਆਂ ਨਾਲ ਤਾਰਾ ਬੰਨੀਆਂ ਜਾਂਦੀਆਂ ਹਨ। ✓
318. ਖੂੰਟੀਆਂ ਚਾਰ ਹੁੰਦੀਆਂ ਹਨ। ✓
319. ਤਾਨਪੁਰੇ ਦੀਆਂ ਤਾਰਾਂ ਚਾਰ, ਪੰਜ ਜਾਂ ਛੇ ਤੱਕ ਵੀ ਹੁੰਦੀਆਂ ਹਨ। ✗
320. ਭੂਪਾਲੀ ਰਾਗ ਵਿੱਚ ਗ ਨੀ ਸਵਰ ਵਰਜਿਤ ਹੁੰਦੇ ਹਨ। ✗
321. ਰਾਗ ਭੂਪਾਲੀ ਦਾ ਗਾਇਨ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ✓
322. ਰਾਗ ਖਮਾਜ਼ ਥਾਟ ਖਮਾਜ਼ ਦਾ ਰਾਗ ਹੈ। ✓
323. ਰਾਗ ਖਮਾਜ਼ ਦੀ ਜਾਤੀ ਸੰਪੂਰਨ-ਸ਼ਾੜਵ ਹੈ। ✗
324. ਰਾਗ ਭੈਰਵ ਦਾ ਥਾਟ ਭੈਰਵੀ ਹੈ। ✗
325. ਰਾਗ ਭੈਰਵ ਦੀ ਪ੍ਰਕਿਰਤੀ ਗੰਭੀਰ ਹੈ। ✓
326. ਇੱਕ ਤਾਲ ਬਾਰ੍ਹਾਂ ਮਾਤਰਾ ਦੀ ਤਾਲ ਹੈ। ✓
327. ਇੱਕ ਤਾਲ ਵਿੱਚ ਇੱਕ ਤਾਲੀ ਹੁੰਦੀ ਹੈ। ✗
328. ਰੂਪਕ ਤਾਲ ਦੀ ਪਹਿਲੀ ਮਾਤਰਾ ਤੇ ਖਾਲੀ ਹੈ। ✓
329. ਰੂਪਕ ਤਾਲ ਛੇ ਮਾਤਰਾ ਦੀ ਤਾਲ ਹੈ। ✗
330. ਰੂਪਕ ਤਾਲ ਤਬਲੇ ਦੀ ਤਾਲ ਹੈ। ✓
331. ਚੌਤਾਲ ਦਸ ਮਾਤਰਾ ਦੀ ਤਾਲ ਹੈ। ✗
332. ਚੌਤਾਲ ਵਿੱਚ ਚਾਰ ਤਾਲੀਆਂ ਹੁੰਦੀਆਂ ਹਨ। ✓

333. ਚੌਤਾਲ ਖੁੱਲੇ ਬੋਲਾਂ ਦੀ ਤਾਲ ਹੈ।✓
334. ਸ਼ੁਧਣ ਸਵਰ ਲਈ ਕੋਈ ਵੀ ਚਿੰਨ੍ਹ ਨਹੀਂ ਲਗਦਾ।✓
335. ਕੋਮਲ ਸੁਰਾਂ ਦੇ ਹੇਠਾਂ ਲਾਈਨ ਖਿੱਚੀ ਜਾਂਦੀ ਹੈ।✓
336. ਤੀਵਰ ਸੁਰ ਦੇ ਉਪਰ ਖੜੀ ਰੇਖਾ ਖਿੱਚੀ ਜਾਂਦੀ ਹੈ।✓
337. ਮੱਧ ਸਪਤਕ ਦੇ ਸੁਰਾਂ ਉਪਰ ਕੋਈ ਵੀ ਚਿੰਨ੍ਹ ਨਹੀਂ ਲੱਗਦਾ ।✓
338. ਸਮ ਦਾ ਚਿੰਨ੍ਹ × ਹੈ।✓
339. ਖਾਲੀ ਦਾ ਚਿੰਨ੍ਹ 0 ਹੈ।✓
340. ਖੜੀ ਰੇਖਾ ਦੁਆਰਾ ਵਿਭਾਗ ਬਣਦੇ ਹਨ।✓
341. 1,2,3 ਗਿਣਤੀ ਤਾਲੀ ਦੇ ਚਿੰਨ੍ਹ ਹਨ।✓
342. ਸਵਰ ਲਿੱਪੀ ਰਾਹੀਂ ਲਿਖੀ ਸਮਗਰੀ ਸੁਰੱਖਿਅਤ ਰਹਿੰਦੀ ਹੈ।✓
343. ਮੰਦਰ ਸਪਤਕ ਦੇ ਸੁਰਾਂ ਦੇ ਹੇਠਾਂ ਬਿੰਦੂ ਲੱਗਦਾ ਹੈ।✓
344. ਤਾਰ ਸਪਤਕ ਦੇ ਸੁਰਾਂ ਦੇ ਉਪਰ ਬਿੰਦੂ ਲਗਦਾ ਹੈ। ×
345. ਗੁਰੂਆਂ ਦੀ ਬਾਣੀ ਨੂੰ ਸ਼ਬਦ ਕਹਿੰਦੇ ਹਨ। ✓
346. ਗੁਰਬਾਣੀ ਗੁਰਦੁਆਰਿਆਂ ਵਿਚ ਗਾਈ ਜਾਂਦੀ ਹੈ।✓
347. ਸ਼ਬਦ ਰਾਗਾਂ ਵਿਚ ਨਹੀਂ ਗਾਏ ਜਾਂਦੇ।×
348. ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਸ਼ਬਦ ਰਚੇ।✓
349. ਸ਼ਬਦ ਗਾਇਨ ਰਾਗਾਂ ਵਿਚ ਹੁੰਦਾ ਹੈ।✓
350. ਗੁਰੂ ਨਾਨਕ ਦੇਵ ਜੀ ਨੇ ਕੀਰਤਨ ਪ੍ਰਥਾ ਚਲਾਈ ਸੀ।✓
351. ਕੀਰਤਨ ਦਾ ਸਮਾਂ ਦਿਨ ਵਿਚ ਚਾਰ ਵਾਰ ਰੱਖਿਆ ਗਿਆ ਸੀ।✓
352. ਚੌਂਕੀ ਸਮੇਂ ਦੇ ਚੱਕਰ ਨੂੰ ਕਹਿੰਦੇ ਹਨ।✓
353. ਆਸਾ ਦੇ ਰਾਗ ਦੀ ਬਾਣੀ ਰਾਗ ਆਸਾ ਵਿਚ ਹੈ।✓
354. ਗੁਰਬਾਣੀ ਗੁਰਮੁਖੀ ਲਿੱਪੀ ਵਿਚ ਲਿਖੀ ਗਈ ਹੈ।✓
355. ਭਜਨ ਗਾਉਣ ਨਾਲ ਮਨ ਸ਼ਾਂਤ ਹੁੰਦਾ ਹੈ।✓
356. ਸੂਰਦਾਸ ਤੇ ਕਬੀਰ, ਮੀਰਾ ਭਾਈ ਤੇ ਤੁਲਸੀਦਾਸ ਭਗਤੀ ਕਾਲ ਵਿਚ ਹੋਏ।✓
357. ਭਜਨ ਮੰਦਿਰਾਂ ਵਿਚ ਗਾਏ ਜਾਂਦੇ ਹਨ।✓
358. ਢੋਲਕੀ, ਤਬਲੇ ਦਾ ਪ੍ਰਯੋਗ ਭਜਨਾਂ ਨਾਲ ਨਹੀਂ ਹੁੰਦਾ।×
359. ਸੰਗੀਤ ਦੀ ਸਭ ਤੋਂ ਪੁਰਾਣੀ ਸ਼ੈਲੀ ਲੋਕ-ਗੀਤ ਹਨ।×
360. ਲੋਕ-ਗੀਤਾਂ ਦਾ ਸਬੰਧ ਲੋਕਾਂ ਨਾਲ ਹੈ।✓
361. ਦੰਦ ਪੀਸ ਕੇ ਗਾਉਣਾ ਦੋਸ਼ ਹੈ।✓
362. ਮੂੰਹ ਪਾੜ ਕੇ ਗਾਉਣਾ ਗੁਣ ਹੈ।×
363. ਸ਼ੁੱਧ ਉਚਾਰਣ ਕਰਨਾ ਗੁਣ ਹੈ।✓
364. ਭਿੰਨ-ਭਿੰਨ ਗਾਇਨ ਸ਼ੈਲੀਆਂ ਦਾ ਗਿਆਨ ਗੁਣ ਹੈ।✓
365. ਲੈਅਕਾਰੀਆਂ ਦਾ ਗਿਆਨ ਗੁਣ ਹੈ।✓
366. ਵਿਧੀ ਪੁਰਵਕ ਸਿੱਖਿਆ ਗੁਣ ਹੈ।✓
367. ਅਸ਼ੁੱਧ ਉਚਾਰਣ ਕਰਨਾ ਇਕ ਦੋਸ਼ ਹੈ।✓
368. ਡਰਦੇ ਡਰਦੇ ਗਾਉਣਾ ਦੋਸ਼ ਹੈ।✓

369. ਮੂੰਹ ਟੇਡਾ ਕਰਕੇ ਗਾਉਣਾ ਗੁਣ ਹੈ। ×

370. ਇਕਾਗਰ ਹੋ ਕੇ ਗਾਉਣਾ ਦੋਸ਼ ਹੈ। ✓

371. ਬੇਤਾਲਾ ਗਾਉਣਾ ਦੋਸ਼ ਹੈ। ✓

372. ਤਾਲ ਵਿਚ ਗਾਉਣਾ ਗੁਣ ਹੈ। ✓

373. ਤਾਨਸੇਨ ਇਕ ਗਾਇਕ ਸੀ। ✓

374. ਸਵਾਮੀ ਹਰੀਦਾਸ ਤਾਨਸੇਨ ਦੇ ਗੁਰੂ ਸਨ। ✓

375. ਤਾਨਸੇਨ ਨੇ 10 ਸਾਲ ਤੱਕ ਸੰਗੀਤ ਸਿੱਖਿਆ। ✓

376. ਬਿਲਾਸ ਖਾਂ ਤਾਨਸੇਨ ਦਾ ਪੁੱਤਰ ਨਹੀਂ ਸੀ। ×

377. ਸਰਸਵਤੀ ਤਾਨਸੇਨ ਦੀ ਪੁੱਤਰੀ ਸੀ। ✓

378. ਤਾਨਸੇਨ, ਅਕਬਰ ਦੇ ਨੌ ਰਤਨਾਂ ਵਿਚੋਂ ਸੀ। ✓

379. 1585 ਈ. ਵਿਚ ਤਾਨਸੇਨ ਦਾ ਦੇਹਾਂਤ ਹੋ ਗਿਆ ਸੀ। ✓

**M.C.Q. (ਬਹੁਭਾਂਤੀ ਪ੍ਰਸ਼ਨ)**

380. ਸਪਤਕ ਵਿਚ ਕਿੰਨੇ ਸੁਰ ਹੁੰਦੇ ਹਨ।
(ੳ) 8 (ਅ) 9 (ੲ) 7 (ਸ) 4
ਉਤਰ – ੲ

381. ਸਪਤਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ?
(ੳ) 3 (ਅ) 5 (ੲ) 2 (ਸ) 11
ਉਤਰ – ੳ

382. ਸਾਧਾਰਨ ਆਵਾਜ਼ ਕਿਹੜਾ ਸਪਤਕ ਹੁੰਦਾ ਹੈ?
(ੳ) ਤਾਰ (ਅ) ਅਤੀਤਾਰ (ੲ) ਮੱਧ (ਸ) ਮੰਦਰ
ਉੱਤਰ – ੲ

383. ਅਚਲ ਸੁਰ ਕਿਹੜੇ-ਕਿਹੜੇ ਹਨ?
(ੳ) ਰੇ ਅਤੇ ਗ (ਅ) ਮ-ਧ (ੲ) ਨੀ-ਸ (ਸ) ਸ-ਪ
ਉੱਤਰ – ਸ

384. ਕੋਈ ਦੋ ਚਲ ਸੁਰ ਦੱਸੋ।
(ੳ) ਰੇ-ਗ (ਅ) ਰੇ-ਪ (ੲ) ਮ-ਪ (ਸ) ਸ-ਨੀ
ਉੱਤਰ- ੳ

385. ਅਲੰਕਾਰ ਸ਼ਬਦ ਕਿਸ ਭਾਸ਼ਾ ਦਾ ਸ਼ਬਦ ਹੈ?
(ੳ) ਸੰਸਕ੍ਰਿਤ (ਅ) ਪਾਲੀ (ੲ) ਅਰਬੀ (ਸ) ਫਾਰਸੀ
ਉੱਤਰ – ੳ

386. ਸ਼ਰੁਤੀਆਂ ਦੀ ਗਿਣਤੀ ਕਿੰਨੀ ਹੈ?
(ੳ) 20 (ਅ) 22 (ੲ) 24 (ਸ) 27
ਉੱਤਰ –ਅ

387. ਲੈਅ ਕਿੰਨੇ ਪ੍ਰਕਾਰ ਦੀ ਹੁੰਦੀ ਹੈ?
(ੳ) 3 (ਅ) 4 (ੲ) 6 (ਸ) 2

ਉੱਤਰ -ੳ

388. ਗੀਤ ਦੇ ਕਿੰਨੇ ਭਾਗ ਮੰਨੇ ਜਾਂਦੇ ਹਨ ?

(ੳ) 2 (ਅ) 3 (ੲ) 7 (ਸ) 5

ਉੱਤਰ -ੳ

389. ਸਰਗਮ ਗੀਤ ਕਿਹੜੀ ਗਾਇਨ ਸ਼ੈਲੀ ਹੈ?

(ੳ) ਸ਼ਾਸਤਰੀ (ਅ) ਉਪ-ਰਾਸ਼ਟਰੀ (ੲ) ਲੋਕ-ਗੀਤ (ਸ) ਲਾਈਟ।

ਉੱਤਰ -ੳ

390. ਤਾਨਪੁਰਾ ਹੇਠ ਲਿਖਿਆਂ ਵਿਚੋਂ ਕਿਹੜੀ ਸ਼੍ਰੇਣੀ ਦਾ ਸਾਜ਼ ਹੈ?

(ੳ) ਤੰਤਰੀ (ਅ) ਘਣ (ੲ) ਅਵਨਧ (ਸ) ਸ਼ੁਸ਼ਿਰ

ਉੱਤਰ - ੳ

391. ਤਾਨਪੁਰੇ ਦੇ ਖੋਖਲੇ ਗੋਲ ਭਾਗ ਨੂੰ ਕੀ ਕਹਿੰਦੇ ਹਨ?

(ੳ) ਗੁੱਲੂ (ਅ) ਤੂੰਬਾ (ੲ) ਖੂੰਟੀ (ਸ) ਸਿਰਾ

ਉੱਤਰ -ਅ

392. ਤਾਨਪੁਰੇ ਦੀ ਲੰਬੀ ਖੋਖਲੀ ਲੱਕੜ ਨੂੰ ਕੀ ਕਹਿੰਦੇ ਹਨ?

(ੳ) ਤੂੰਬਾ (ਅ) ਗੁੱਲੂ (ੲ) ਡਾਂਡ (ਸ) ਘੁੜਚ।

ਉੱਤਰ -ੲ

393. ਤਾਨਪੁਰੇ ਦੀਆਂ ਤਾਰਾਂ ਦੀ ਗਿਣਤੀ ਹੇਠ ਲਿਖਿਆਂ ਵਿਚੋਂ ਕਿੰਨੀ ਹੁੰਦੀ ਹੈ?

(ੳ) ਚਾਰ, (ਅ) 1 (ੲ) 8 (ਸ[ 7

ਉੱਤਰ -ੲ

394. ਘੁੜਚ ਤਾਨਪੁਰੇ ਵਿਚ ਕਿਥੇ ਹੁੰਦੀ ਹੈ?

(ੳ) ਤੂੰਬੇ ਦੇ ਉੱਪਰ (ਅ) ਡਾਂਡ ਦੇ ਉੱਪਰ (ੲ) ਸਿਰੇ ਤੇ (ਸ) ਤੂੰਬੇ ਦੇ ਹੇਠਾਂ

ਉੱਤਰ -ੳ

395. ਹੇਠ ਲਿਖਿਆਂ ਵਿਚੋਂ ਗਾਇਕ ਦਾ ਦੋਸ਼ ਦੱਸੋ।

(ੳ) ਦੰਦ ਪੀਸ ਕੇ ਗਾਉਣਾ।

(ਅ) ਜਿਸ ਦੇ ਗਾਇਨ ਵਿਚ ਨੀਰਸਤਾ ਹੋਵੇ।

(ੲ) ਡਰਦੇ ਡਰਦੇ ਗਾਉਣਾ।

(ਸ) ਉਪਰੋਕਤ ਸਾਰੇ।

ਉੱਤਰ -ਸ

396. ਹੇਠ ਲਿਖਿਆਂ ਵਿਚੋਂ ਗਾਇਕ ਦੇ ਗੁਣ ਦੱਸੋ।

(ੳ) ਮਿੱਠੀ ਅਤੇ ਸੁਰੀਲੀ ਆਵਾਜ਼।

(ਅ) ਇਕਾਗਰ ਚਿੱਤ ਹੋ ਕੇ ਗਾਉਣਾ।

(ੲ) ਸਵਾਧੀਨ ਕੰਠ ਵਾਲਾ ਹੋਵੇ।

(ਸ) ਉਪਰੋਕਤ ਸਾਰੇ।

ਉਤਰ-ਸ

397. ਹੇਠ ਲਿਖਿਆਂ ਵਿਚੋਂ ਗਾਇਕ ਦਾ ਗੁਣ ਦੱਸੋ।

(ੳ) ਤਾਲ ਅਤੇ ਲੈਅ ਦਾ ਧਿਆਨ ਰੱਖ ਕੇ ਗਾਉਣ ਵਾਲਾ।

(ਅ) ਕੰਬਦੀ ਆਵਾਜ਼ ਵਿਚ ਗਾਉਣਾ।

(ੲ) ਬੇਤਾਲਾ ਗਾਉਣਾ।

(ਸ) ਭਿਆਨਕ ਮੂੰਹ ਬਣਾ ਕੇ ਗਾਉਣਾ।

ਉੱਤਰ –ੳ

398. ਹੇਠ ਲਿਖਿਆਂ ਵਿਚੋਂ ਗਾਇਕ ਦਾ ਦੋਸ਼ ਦੱਸੋ।

(ੳ) ਮੂੰਹ ਟੇਡਾ ਅਤੇ ਪੈਰ ਪਟਕ ਪਟਕ ਕੇ ਗਾਉਣਾ।

(ਅ) ਗਮਕ ਦਾ ਗਿਆਨ ਹੋਵੇ।

(ੲ) ਅਭਿਆਸੀ ਹੋਵੇ।

(ਸ) ਵਿਧੀ ਅਨੁਸਾਰ ਸਿੱਖਿਆ ਹੋਵੇ।

ਉੱਤਰ– ੳ

399. ਹੇਠ ਲਿਖਿਆਂ ਵਿਚੋਂ ਕਿਹੜੇ ਗੁਣ ਇੱਕ ਕਲਾਕਾਰ ਵਿਚ ਹੋਣੇ ਚਾਹੀਦੇ ਹਨ।

(ੳ) ਭਿੰਨ ਭਿੰਨ ਗਾਇਨ ਸ਼ੈਲੀਆਂ ਦਾ ਗਿਆਨ

(ਅ) ਅਸ਼ੁੱਧ ਉਚਾਰਣ ਕਰਕੇ ਗਾਉਣਾ।

(ੲ) ਸੰਗੀਤ ਸ਼ਾਸਤਰਾਂ ਦਾ ਗਿਆਤਾ ਹੋਵੇ।

(ਸ) ਨੱਕ ਰਾਹੀਂ ਗਾਉਣਾ

ਉੱਤਰ –ੳ,– ੲ

400. ਰਾਗ ਦੀ ਉਤਪਤੀ ਕਿਸ ਤੋਂ ਹੁੰਦੀ ਹੈ।

(ੳ) ਥਾਟ

(ਅ) ਆਰੋਹ

(ੲ) ਗੰਧਾਰ

(ਸ) ਵਾਦੀ

ਉਤਰ–ੳ

401. ਥਾਟ ਦੀ ਉਤਪਤੀ ਕਿਸ ਤੋਂ ਹੁੰਦੀ ਹੈ?

(ੳ) ਪਕੜ

(ਅ) ਸਵਰਾਂ ਦੇ ਸਮੂਹ ਤੋਂ

(ੲ) ਵਾਦੀ

(ਸ) ਵਰਜਿਤ ਸੁਰ

ਉੱਤਰ–ਅ

402. ਰਾਗ ਦਾ ਪ੍ਰਮੁੱਖ ਗੁਣ ਕੀ ਹੈ?

(ੳ) ਰੰਜਕਤਾ

(ਅ) ਜਾਤੀਆਂ

(ੲ) ਸੰਵਾਦੀ

(ਸ) ਕਰੁਣਾ

ਉੱਤਰ –ੳ

403. ਥਾਟ ਵਿਚ ਕਿਹੜਾ ਨਿਯਮ ਨਹੀਂ ਹੁੰਦਾ।

(ੳ) ਆਰੋਹ

(ਅ) ਸਵਰ

(ੲ) ਪਕੜ

(ਸ) ਨਾਮ

ਉੱਤਰ-ੲ

404. ਰਾਗ ਦਾ ਕਿਹੜਾ ਨਿਯਮ ਨਹੀਂ ਹੈ?

(ੳ) ਸੰਵਾਦੀ

(ਅ) ਅਵਰੋਹ

(ੲ) ਜਨਕ ਥਾਟ

(ਸ) ਵਾਦੀ

ਉੱਤਰ (ੲ)

405. ਥਾਟ ਵਿਚ ਕਿੰਨੇ ਸੁਰਾਂ ਦਾ ਹੋਣਾ ਲਾਜ਼ਮੀ ਹੈ?

(ੳ) 5

(ਅ) 6

(ੲ) 4

(ਸ) 7

ਉੱਤਰ-ਸ

406. ਰਾਗ ਵਿਚ ਘੱਟ ਤੋਂ ਘੱਟ ਕਿਸੇ ਸੁਰ ਹੁੰਦੇ ਹਨ?

(ੳ) 7

(ਅ) 5

(ੲ) 6

(ਸ) 4

ਉੱਤਰ-ਅ

407. ਰਾਗ ਵਿਚ ਕਿਹੜਾ ਸੁਰ ਕਦੇ ਵੀ ਵਰਜਿਤ ਨਹੀਂ ਹੁੰਦਾ।

(ੳ) ਰੇ

(ਅ) ਪ

(ੲ) ਸ

(ਸ) ਗ

ਉੱਤਰ-ੲ

408. ਸੰਗੀਤ ਵਿੱਚ ਕਿੰਨੇ ਚਲ ਸੁਰ ਹਨ

(ੳ) 5

(ਅ) 6

(ੲ) 4

(ਸ) 7

ਉੱਤਰ-ੳ

409. ਸੰਗੀਤ ਵਿਚ ਕਿੰਨੇ ਅਚਲ ਸੁਰ ਹਨ।

(ੳ) 5

(ਅ) 1

(ੲ) 2

(ਸ) 4

ਉੱਤਰ- ੲ

410. ਰਾਗ ਵਿਚ ਕਿਹੜੇ ਸੁਰ ਪ੍ਰਯੋਗ ਕੀਤੇ ਜਾਂਦੇ ਹਨ?

(ੳ) ਸ਼ੁੱਧ

(ਅ) ਵਿਕ੍ਰਿਤ

(ੲ) ਤੀਵਰ

(ਸ) ਸ਼ੁੱਧ ਅਤੇ ਵਿਕ੍ਰਿਤ ਦੋਵੇ।

ਉੱਤਰ-ਸ

411. ਰਾਗ ਦੀਆਂ ਮੁੱਖ ਜਾਤੀਆਂ ਕਿੰਨੀਆਂ ਹਨ।

(ੳ) 8

(ਅ) 9

(ੲ) 3

(ਸ) 6

ਉੱਤਰ -ੲ

412. ਰਾਗ ਦੀਆਂ ਉਪ-ਜਾਤੀਆਂ ਹਨ।

(ੳ) 12

(ਅ) 9

(ੲ) 6

(ਸ) 5

ਉੱਤਰ -ਅ

413. ਥਾਟ ਦੀ ਜਾਤੀ ਕਿਹੜੀ ਹੈ।

(ੳ) ਔੜਵ

(ਅ) ਸ਼ਾੜਵ

(ੲ) ਕੋਈ ਜਾਤੀ ਨਹੀਂ ਹੁੰਦੀ

(ਸ) ਸੰਪੂਰਨ

ਉੱਤਰ-ੲ

414. ਥਾਟ ਦਾ ਨਾਮ ਕਿਸ ਦੇ ਨਾਮ ਤੇ ਰੱਖਿਆ ਜਾਂਦਾ ਹੈ?

(ੳ) ਰਾਗ

(ਅ) ਜਾਤੀ

(ੲ) ਅਵਰੋਹ

(ਸ) ਸ਼ੜਜ

ਉੱਤਰ-ੳ

415. ਸਾਜਾਂ ਦੇ ਕਿੰਨੇ ਪ੍ਰਕਾਰ ਹਨ?

(ੳ) 2

(ਅ) 3

(ੲ)4

(ਸ) 5

ਉੱਤਰ –ੲ

416. ਢੋਲ ਕਿਹੜੀ ਸ਼੍ਰੇਣੀ ਦਾ ਸਾਜ ਹੈ?

(ੳ) ਅਵਨਧ

(ਅ) ਤੱਤ

(ੲ) ਸੁਸਿਰ

(ਸ) ਘਣ

ਉੱਤਰ-ੳ

417. ਬੰਸਰੀ ਕਿਹੜੀ ਸ਼੍ਰੇਣੀ ਦਾ ਸ ਾਜ ਹੈ?

(ੳ) ਅਵਨਧ

(ਅ) ਸੁਸਿਰ

(ੲ) ਤੱਤ

(ਸ) ਘਣ

ਉੱਤਰ-ਅ

418. ਖੜਤਾਲ ਕਿਹੜੀ ਸ਼੍ਰੇਣੀ ਦਾ ਸਾਜ ਹੈ?

(ੳ) ਅਵਨਧ

(ਅ) ਤੱਤ

(ੲ) ਘਣ

(ਸ) ਸੁਸਿਰ

ਉੱਤਰ –ੲ

419. ਤੂੰਬੀ ਕਿਹੜੀ ਸ਼੍ਰੇਣੀ ਦਾ ਸਾਜ ਹੈ?

(ੳ) ਸੁਸਿਰ

(ਅ) ਅਵਨਧ

(ੲ) ਘਣ

(ਸ) ਤੱਤ

ਉੱਤਰ-ਸ

420. ਢੋਲ ਦਾ ਪ੍ਰਯੋਗ ਕਿਸ ਨਾਲ ਕੀਤਾ ਜਾਦਾ ਹੈ?

(ੳ) ਭੰਗੜੇ

(ਅ) ਗਿੱਧੇ

(ੲ) ਲੋਕ ਗੀਤਾਂ ਨਾਲ

(ਸ) ਉਪਰੋਕਤ ਸਾਰੇ

ਉੱਤਰ-ਸ

421. ਢੋਲਕੀ ਕਿਹੜਾ ਸਾਜ ਹੈ?

(ੳ) ਅਵਨਧ

(ਅ) ਤੱਤ

(ੲ) ਸੁਸਿਰ

(ਸ) ਘਣ

ਉੱਤਰ-ੳ

422. ਢੋਲਕੀ ਦਾ ਪ੍ਰਯੋਗ ਕਿਸ ਨਾਲ ਕੀਤਾ ਜਾਂਦਾ ਹੈ?

(ੳ) ਲੋਕ ਗੀਤਾਂ ਨਾਲ

(ਅ) ਗੀਤਾਂ ਨਾਲ

(ੲ) ਭਜਨਾਂ ਨਾਲ

(ਸ) ਉਪਰੋਕਤ ਸਾਰੇ

ਉੱਤਰ-ਸ

423. ਢੋਲਕੀ ਦੀ ਪੁੜੀ ਕਿਸ ਦੀ ਬਣੀ ਹੁੰਦੀ ਹੈ?

(ੳ) ਚਮੜੇ ਦੀ

(ਅ) ਕਾਗਜ ਦੀ

(ੲ) ਲੋਹੇ ਦੀ

(ਸ) ਲਿਫਾਫੇ ਦੀ

ਉੱਤਰ-ੳ

424. ਢੋਲਕੀ ਨੂੰ ਕਿਸ ਨਾਲ ਵਜਾਇਆ ਜਾਂਦਾ ਹੈ?

(ੳ) ਹੱਥਾਂ ਨਾਲ

(ਅ) ਸਿਰ ਨਾਲ

(ੲ) ਪੈਰਾਂ ਨਾਲ

(ਸ) ਸੋਟੀ ਨਾਲ

ਉੱਤਰ- ੳ

425. ਢੱਡ ਦੀ ਵਧੇਰੇ ਵਰਤੋਂ ਕਿਥੇ ਹੁੰਦੀ ਹੈ?

(ੳ) ਉੱਤਰ ਪ੍ਰਦੇਸ਼

(ਅ) ਬਿਹਾਰ

(ੲ) ਪੰਜਾਬ

(ਸ) ਗੁਜਰਾਤ

ਉੱਤਰ-ੲ

426. ਢੱਡ ਦੀ ਵਰਤੋਂ ਵਧੇਰੇ ਕਿਸ ਸਾਜ ਨਾਲ ਕੀਤੀ ਜਾਦੀ ਹੈ?

(ੳ) ਸਾਰੰਗੀ

(ਅ) ਢੋਲ

(ੲ) ਹਰਮੋਨੀਅਨ

(ਸ) ਬੰਸਰੀ

ਉੱਤਰ-ੳ

427. ਢੱਡ ਕਿਸ ਲੱਕੜ ਤੋਂ ਬਣਦੀ ਹੈ?

(ੳ) ਤੂਤ

(ਅ) ਟਾਹਲੀ

(ਏ) ਨਿੰਮ

(ਸ) ਤੂੰਤ ਅਤੇ ਟਾਹਲੀ

ਉੱਤਰ-ਸ

428. ਢੱਡ ਕਿਹੜੇ ਗੀਤਾਂ ਨਾਲ ਵਜਾਈ ਜਾਂਦੀ ਹੈ?

(ੳ) ਵਾਰਾਂ ਨਾਲ

(ਅ) ਗਜਲਾਂ ਨਾਲ

(ੲ) ਕਵੀਸ਼ਰੀ

(ਸ) ਭੰਗੜੇ ਨਾਲ

ਉੱਤਰ-ੳ

429. ਸਰੰਗੀ ਕਿਹੜੀ ਸ਼੍ਰੇਣੀ ਦਾ ਸਾਜ ਹੈ?

(ੳ) ਤੱਤ

(ਅ) ਘਣ

(ੲ) ਸੁਸ਼ਿਰ

(ਸ) ਅਵਨਧ

ਉੱਤਰ-ੳ

430. ਸਾਰੰਗੀ ਦੀਆਂ ਤਾਰਾਂ ਕਿਸ ਦੀਆਂ ਬਣੀਆਂ ਹੁੰਦੀਆਂ ਹਨ?

(ੳ) ਚਮੜੇ

(ਅ) ਪਿੱਤਲ

(ੲ) ਲੋਹਾ

(ਸ) ਤਾਂਬਾ

ਉੱਤਰ-ੳ

431. ਸਾਰੰਗੀ ਦੀਆਂ ਤਾਰਾਂ ਕਿੰਨੀਆ ਹੁੰਦੀਆਂ ਹਨ?

(ੳ) 8

(ਅ) 3

(ੲ) 4

(ਸ) 5

ਉੱਤਰ-ੲ

432. ਸੋਹਨ ਸਿੰਘ ਸ਼ੀਤਲ ਕਿਹੜਾ ਸਾਜ ਵਜਾਉਂਦੇ ਹਨ।

(ੳ) ਢੋਲ

(ਅ) ਸਾਰੰਗੀ

(ੲ) ਢੋਲਕੀ

(ਸ) ਚਿਮਟਾ

ਉੱਤਰ-ਅ

433. ਨਗਾੜਾ ਕਿਸ ਸ੍ਰੇਣੀ ਦਾ ਸਾਜ ਹੈ?

(ੳ) ਅਵਨਧ

(ਅ) ਘਣ

(ੲ) ਸੁਸਿਰ

(ਸ) ਘਣ

ਉੱਤਰ –ੳ

434. ਨਗਾੜਾ ਕਿਹੜਾ ਰਸ ਪ੍ਰਧਾਨ ਸਾਜ ਹੈ?

(ੳ) ਸ਼ਾਂਤ

(ਅ) ਕਰੁਣਾ

(ੲ) ਵੀਰ

(ਸ) ਹਾਸਯ

ਉੱਤਰ–ੲ

435. ਅਲਗੋਜੇ ਕਿਹੜੀ ਸ਼੍ਰੇਣੀ ਦਾ ਸਾਜ ਹੈ?

(ੳ) ਘਣ

(ਅ) ਸੁਸਿਰ

(ੲ) ਅਵਨਧ

(ਸ) ਤੱਤ

ਉੱਤਰ–ਅ

436. ਅਲਗੋਜੇ ਕਿਹੜੇ ਗੀਤਾਂ ਨਾਲ ਵੱਜਦੇ ਹਨ?

(ੳ) ਲੋਕ–ਗੀਤਾਂ

(ਅ) ਭਜਨਾਂ

(ੲ) ਸ਼ਬਦਾਂ

(ਸ) ਖਿਆਲ

ਉੱਤਰ ੳ

437. ਤੂੰਬੀ ਵਿਚ ਕਿੰਨੇ ਤਾਰ ਹੁੰਦੇ ਹਨ?

(ੳ) 2

(ਅ) 1

(ੲ) 4

(ਸ) 6

ਉੱਤਰ ਅ

438. ਚਿਮਟਾ ਕਿਹੜੀ ਸ਼੍ਰੇਣੀ ਦਾ ਸਾਜ ਹੈ?

(ੳ) ਘਣ

(ਅ) ਅਵਨਧ

(ੲ) ਸੁਸਿਰ

(ਸ) ਤੱਤ

ਉੱਤਰ –ੳ

439. ਖੜਤਾਲ ਕਿਸ ਨਾਲ ਵਜਾਏ ਜਾਂਦੇ ਹਨ?

(ੳ) ਭਜਨ

(ਅ) ਲੋਕ-ਗੀਤ

(ੲ) ਭੰਗੜਾ

(ਸ) ਗਿੱਧਾ

ਉੱਤਰ-ੳ

440. ਸੱਪ ਦਾ ਪ੍ਰਯੋਗ ਕਿਸ ਨਾਲ ਹੁੰਦਾ ਹੈ?

(ੳ) ਗਾਉਣ ਨਾਲ

(ਅ) ਖਿਆਲ

(ੲ) ਭੰਗੜਾ

(ਸ) ਭਜਨ

ਉੱਤਰ-ੲ

441. ਕਾਟੋ ਦਾ ਪ੍ਰਯੋਗ ਕਿਸ ਨਾਲ ਹੁੰਦਾ ਹੈ?

(ੳ) ਭੰਗੜੇ

(ਅ) ਲੋਕ-ਗੀਤ

(ੲ) ਸ਼ਬਦ

(ਸ) ਗੀਤ

ਉੱਤਰ-ੳ

442. ਡਫਲੀ ਦਾ ਪ੍ਰਯੋਗ ਕਿਸ ਨਾਲ ਹੁੰਦਾ ਹੈ।

(ੳ) ਗਜਲਾਂ

(ਅ) ਲੋਕਗੀਤ

(ੲ) ਭਜਨ

(ਸ) ਰਾਗ

ਉੱਤਰ-ਅ

443. ਘੜੇ ਨੂੰ ਕਿਵੇਂ ਵਜਾਇਆ ਜਾਂਦਾ ਹੈ?

(ੳ) ਦੋਵੇਂ ਹੱਥਾਂ ਨਾਲ

(ਅ) ਸੋਟੀ ਨਾਲ

(ੲ) ਪਾਈਪ ਨਾਲ

(ਸ) ਪੈਰਾਂ ਨਾਲ

ਉੱਤਰ-ੳ

444. ਹੇਠ ਲਿਖਿਆਂ ਵਿਚੋਂ ਦੱਸੋ ਭੁਪਾਲੀ ਕਿਹੜੇ ਥਾਟ ਦਾ ਰਾਗ

(ੳ) ਕਲਿਆਣ (ਅ) ਖਮਾਜ (ੲ) ਭੈਰਵੀ (ਸ) ਕਾਫੀ

ਉਤਰ -ੳ

445. ਹੇਠ ਲਿਖਿਆਂ ਵਿਚੋਂ ਦੱਸੋ ਭੁਪਾਲੀ ਦੀ ਕਿਹੜੀ ਜਾਤੀ ਹੈ?

(ੳ) ਸ਼ਾੜਵ-ਸ਼ਾੜਵ (ਅ) ਔੜਵ-ਔੜਵ (ੲ) ਔੜਵ-ਸ਼ਾੜਵ (ਸ) ਸੰਪੂਰਨ-ਸ਼ਾੜਵ

ਉਤਰ -ਅ

446. ਹੇਠ ਲਿਖਿਆਂ ਵਿਚੋਂ ਦੱਸੋ ਭੁਪਾਲੀ ਦਾ ਵਾਦੀ ਅਤੇ ਸੰਵਾਦੀ ਸੁਰ ਕਿਹੜਾ ਹੈ?

(ੳ) ਸ-ਪ, (ਅ) ਪ-ਸ (ੲ) ਗ-ਨੀ (ਸ) ਮ-ਸ

ਉੱਤਰ -ੲ

447. ਹੇਠ ਲਿਖਿਆਂ ਵਿਚੋਂ ਕਿਹੜੇ ਸੁਰ ਭੁਪਾਲੀ ਵਿਚ ਵਰਜਿਤ ਹਨ?

(ੳ) ਸ-ਗ, (ਅ) ਗ-ਧ (ੲ) ਮ-ਰੇ (ਸ) ਮ-ਨੀ

ਉੱਤਰ-ਸ

448. ਭੁਪਾਲੀ ਰਾਗ ਦਾ ਸਮਪ੍ਰਕ੍ਰਿਤਕ ਰਾਗ ਹੇਠ ਲਿਖਿਆਂ ਵਿਚੋਂ ਕਿਹੜਾ ਹੈ?

(ੳ) ਕਲਿਆਣ (ਅ) ਖਮਾਜ (ੲ) ਦੇਸ਼ਕਾਰ (ਸ) ਭੈਰਵ

ਉੱਤਰ-ੲ

449. ਹੇਠ ਲਿਖਿਆਂ ਵਿਚੋਂ ਕਿਹੜਾ ਥਾਟ ਖਮਾਜ ਰਾਗ ਦਾ ਥਾਟ ਹੈ?

(ੳ) ਕਲਿਆਣ (ਅ) ਖਮਾਜ (ੲ) ਕਾਫੀ (ਸ) ਮਾਰਵਾ

ਉੱਤਰ-ਅ

450. ਕਿਹੜਾ ਸੁਰ ਆਰੋਹ ਵਿਚ ਖਮਾਜ ਦੇ ਵਰਜਿਤ ਹੈ?

(ੳ) ਸ, (ਅ) ਗ (ੲ) ਰੇ, (ਸ) ਮ

ਉੱਤਰ -ੲ

451. ਹੇਠ ਲਿਖਿਆਂ ਵਿਚੋਂ ਖਮਾਜ ਰਾਗ ਦੀ ਜਾਤੀ ਕਿਹੜੀ ਹੈ?

(ੳ) ਸ਼ਾੜਵ-ਸੰਪੂਰਨ, (ਅ) ਸ਼ਾੜਵ-ਸ਼ਾੜਵ, (ੲ) ਔੜਵ-ਔੜਵ (ਸ) ਔੜਵ-ਸ਼ਾੜਵ

ਉੱਤਰ-ੳ

452. ਹੇਠ ਲਿਖਿਆਂ ਵਿਚੋਂ ਖਮਾਜ ਦੇ ਵਾਦੀ-ਸੰਵਾਦੀ ਦੱਸੋ।

(ੳ) ਗ-ਧ (ਅ) ਗ-ਨੀ (ੲ) ਸ-ਸ (ਸ) ਮ-ਨੀ

ਉੱਤਰ-ਅ

453. ਹੇਠ ਲਿਖਿਆਂ ਵਿਚੋਂ ਦੱਸੋ ਏਕਤਾਲ ਕਿੰਨੇ ਮਾਤਰਾ ਦੀ ਤਾਲ ਹੈ?

(ੳ) 16 (ਅ) 20 (ੲ) 12 (ਸ) 6

ਉੱਤਰ-ੲ

454. ਹੇਠ ਲਿਖਿਆਂ ਵਿਚੋਂ ਦੱਸੋ ਏਕਤਾਲ ਵਿਚ ਕਿੰਨੀਆਂ ਮਾਤਰਾ ਦੇ ਕਿੰਨੇ ਵਿਭਾਗ ਹਨ?

(ੳ) 2-2 ਮਾਤਰਾ ਦੇ 6 ਵਿਭਾਗ (ਅ) 3-3 ਮਾਤਰਾ ਦੇ 4 ਵਿਭਾਗ

(ੲ) 4-4 ਮਾਤਰਾ ਦੇ ਤਿੰਨ ਵਿਭਾਗ (ਸ) 6-6 ਮਾਤਰਾ ਦੇ 2 ਵਿਭਾਗ।

ਉੱਤਰ-ੳ

455. ਏਕ-ਤਾਲ ਵਿਚ ਕਿੰਨੀਆਂ ਤਾਲੀਆਂ ਅਤੇ ਖਾਲੀਆਂ ਹਨ ਦੱਸੋ।

(ੳ) 2 ਖਾਲੀ, 4 ਤਾਲੀ (ਅ) 2 ਖਾਲੀ 6 ਤਾਲੀਆਂ

(ੲ) 3 ਖਾਲੀ, 3 ਤਾਲੀ (ਸ) 4 ਖਾਲੀ, 2 ਤਾਲੀ

ਉੱਤਰ-ੳ

456. ਏਕਤਾਲ ਦਾ ਸਮ ਹੇਠ ਲਿਖਿਆਂ ਵਿਚੋਂ ਕਿਹੜੀ ਮਾਤਰਾ ਤੇ ਹੈ।

(ੳ) ਪਹਿਲੀ (ਅ) ਦੂਜੀ (ੲ) ਪੰਜਵੀਂ (ਸ) 9ਵੀਂ

ਉੱਤਰ-ੳ

457. ਰੂਪਕ ਤਾਲ ਹੇਠ ਲਿਖਿਆਂ ਵਿਚੋਂ ਕਿੰਨੇ ਮਾਤਰਾ ਦੀ ਤਾਲ ਹੈ।

(ੳ 5 (ਅ) 8 (ੲ) 6 (ਸ) 7

ਉੱਤਰ- ਸ

458. ਰੂਪਕ ਤਾਲ ਹੇਠ ਲਿਖਿਆਂ ਵਿਚੋਂ ਕਿੰਨੇ ਵਿਭਾਗ ਦੀਆਂ ਮਾਤਰਾਵਾਂ ਵਾਲੀ ਤਾਲ ਹੈ?

(ੳ) 3-2-2 ਮਾਤਰਾ ਦੇ ਤਿੰਨ ਵਿਭਾਗ (ਅ) 3-2-3 ਮਾਤਰਾ ਦੇ ਤਿੰਨ ਵਿਭਾਗ

(ੲ) 2-3-2 ਮਾਤਰਾ ਦੇ ਤਿੰਨ ਵਿਭਾਗ (ਸ) 3-1-3 ਮਾਤਰਾ ਦੇ ਤਿੰਨ ਵਿਭਾਗ

ਉੱਤਰ - ੳ

459. ਰੂਪਕ ਤਾਲ ਦੀ ਕਿਹੜੀ-ਕਿਹੜੀ ਮਾਤਰਾ ਤੇ ਤਾਲੀ ਹੈ

(ੳ) 4, 5 (ਅ) 3-6 (ੲ) 4-6 (ਸ) 5-7

ਉੱਤਰ -ੲ

460. ਰੂਪਕ ਤਾਲ ਦੇ ਤਿੰ ਤਿੰਨਾ ਧਿੰ ਨਾ ......... ਅਗਲੇ ਬੋਲ ਕਿਹੜੇ ਹਨ?

(ੳ) ਦਿੰ ਦਿੰ (ਅ) ਧਿੰ, ਨਾ (ੲ) ਗਾ ਤਿੰ (ਸ) ਤਿੰ ਤਿੰ।

ਉੱਤਰ -ਅ

461. ਹੇਠ ਲਿਖਿਆਂ ਵਿਚੋ. ਕਿਹੜੀ ਮਾਤਰਾ ਤੇ ਰੂਪਕ ਤਾਲ ਵਿਚ ਖਾਲੀ ਹੈ।

(ੳ) 7ਵੀਂ (ਅ) 5ਵੀਂ (ੲ) ਪਹਿਲੀ (ਸ) ਤੀਜੀ

ਉੱਤਰ ੲ

462. ਹੇਠ ਲਿਖਿਆਂ ਵਿਚੋਂ ਦੱਸੋ ਚਾਰਤਾਲ ਕਿੰਨੇ ਮਾਤਰਾ ਦੀ ਤਾਲ ਹੈ।

(ੳ) 15 (ਅ) 20 (ੲ) 12 (ਸ) 8

ਉੱਤਰ -ੲ

463. ਚਾਰਤਾਲ ਵਿਚ ਕਿੰਨੀਆਂ ਖਾਲੀ ਹਨ।

(ੳ) 3 (ਅ) 2 (ੲ) 4 (ਸ) 1

ਉੱਤਰ -ਅ

464. ਚਾਰਤਾਲ ਵਿਚ ਖਾਲੀ ਕਿਹੜੀ-ਕਿਹੜੀ ਮਾਤਰਾ ਤੇ ਹੈ।

(ੳ) 3-5 (ਅ) 3-9 (ੲ) 3-7 (ਸ) 3-11

ਉੱਤਰ -ੲ

465. ਚਾਰਤਾਲ ਦੀ ਵਿਭਾਗ ਅਤੇ ਮਾਤਰਾ ਸੰਖਿਆ ਕਿਸ ਤਾਲ ਨਾਲ ਮਿਲਦੀ ਹੈ?

(ੳ) ਧਮਾਰ (ਅ) ਤੀਨ-ਤਾਲ (ੲ) ਏਕਤਾਲ (ਸ) ਦੀਪਚੰਦੀ

ਉੱਤਰ -ੲ

466. ਚਾਰਤਾਲ ਵਿਚ ਕਿੰਨੀਆਂ ਤਾਲੀਆਂ ਹਨ?

(ੳ) 5 (ਅ) 4 (ੲ) 3 (ਸ) 2

ਉੱਤਰ -ਅ

**ਸਹੀ ਮਿਲਾਣ ਕਰੋ:-**

467. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ

| | |
|---|---|
| (ੳ) ਭੈਰਵ | (ੳ) ਸ਼ਾੜਵ-ਸੰਪੂਰਨ |
| (ਅ) ਖਮਾਜ | (ਅ) ਸੰਪੂਰਨ-ਸੰਪੂਰਨ |
| (ੲ) ਭੁਪਾਲੀ | (ੲ) ਅਵਰੋਹ |
| (ਸ) ਆਰੋਹ | (ਸ) ਔੜਵ-ਔੜਵ |

468. ਉੱਤਰ (ੳ-ਅ), (ਅ-ੳ), (ੲ-ਸ), (ਸ-ੲ)

ਰਾਗ ਥਾਟ

(ੳ) ਭੈਰਵ (ੳ) ਖਮਾਜ

(ਅ) ਭੁਪਾਲੀ (ਅ) ਭੈਰਵ

(ੲ) ਖਮਾਜ (ੲ) ਕਲਿਆਣ

ਉੱਤਰ (ੳ–ਅ), (ਅ–ੲ), (ੲ–ੳ)

469. ਰਾਗ ਵਰਜਿਤ ਸੁਰ

(ੳ) ਭੈਰਵ (ੳ) ਰੇ ਆਰੋਹ ਵਿਚ

(ਅ) ਭੁਪਾਲੀ (ਅ) ਮਾ, ਨੀ

(ੲ) ਖਮਾਜ (ੲ) ਕੋਈ ਵੀ ਨਹੀਂ

ਉੱਤਰ (ੳ–ੲ), (ਅ–ਅ), (ੲ–ੳ)

470. (ੳ) ਕਲਿਆਣ (ੳ) ਨੁੀ ਕੋਮਲ

(ਅ) ਬਿਲਾਵਲ (ਅ) ਮੇ ਤੀਵਰ

(ੲ) ਖਮਾਜ (ੲ) ਸਾਰੇ ਸੁੱਧ

(ਸ) ਕਾਫੀ (ਸ) ਗੁ, ਨੁੀ ਕੋਮਲ।

ੳ–ਅ, ਅ–ੲ, ੲ–ੳ, ਸ–ਸ।

471. ਭੈਰਵ ਥਾਟ ਵਿਚ ਕਿਹੜੇ ਸੁਰ ਲੱਗਦੇ ਹਨ।

(ੳ) ਸਾਰੇ ਸ਼ੁੱਧ (ਅ) ਰੁੇ, ਧੁ ਕੋਮਲ ਬਾਕੀ ਸ਼ੁੱਧ, (ੲ) ਗਾ ਕੋਮਲ (ਸ) ਕੋਮਲ।

(ੳ) ਰੁੇ, ਗੁਾ, ਧੁਾ, ਨੁੀ (ੳ) ਮਾਰਵਾ

(ਅ) ਗੁ, ਧੁ, ਨੁੀ (ਅ) ਭੈਰਵੀ

(ੲ) ਰੁੇ, ਧੁ, ਮਾ (ੲ) ਆਸਾਵਰੀ

(ਸ) ਰੁੇ, ਮੇ (ਸ) ਪੂਰਵੀ

ਉੱਤਰ (ੳ–ਅ), (ਅ–ੲ), (ੲ–ਸ), (ਸ–ਅ)।

472. (ੳ) ਚਾਰਤਾਲ (ੳ) 7

(ਅ) ਰੂਪਕ (ਅ) 12

(ੲ) ਏਕਤਾਲ (ੲ) 12

ਉੱਤਰ (ੳ–ਅ), (ਅ–ੳ), (ੲ–ੲ)

473. ਤਾਲ ਵਿਭਾਗ

(ੳ) ਰੂਪਕ (ੳ) 6

(ਅ) ਏਕਤਾਲ (ਅ) 3

(ੲ) ਚਾਰਤਾਲ (ੲ) 6

ਉੱਤਰ (ੳ–ਅ), (ਅ–ੳ), (ੲ–ੲ)

474. ਤਾਲ ਬੋਲ

(ੳ) ਰੂਪਕ (ੳ) ਧਾ, ਧਾ

(ਅ) ਏਕਾਤਲ (ਅ) ਤਿੰ, ਤਿੰ

(ੲ) ਚਾਰਤਾਲ (ੲ) ਧਿੰ ਧਿੰ

ਉੱਤਰ (ੳ–ਅ) (ਅ–ੲ), (ੲ–ੳ)

475. ਤਾਲ ਤਾਲੀ-ਖਾਲੀ

| | |
|---|---|
| (ੳ) ਰੂਪਕ | (ੳ) 4-2 |
| (ਅ) ਏਕ-ਤਾਲ | (ਅ) 2-1 |
| (ੲ) ਚਾਰਤਾਲ | (ੲ) 4-2 |

ਉੱਤਰ (ੳ-ਅ), (ਅ-ੳ), (ੲ-ੲ)

476.

| | |
|---|---|
| (ੳ) ਸਪਤਕ | (ੳ) 22 |
| (ਅ) ਅਚਲ ਸਵਰ | (ਅ) 7 ਸਵਰ |
| (ੲ) ਸ਼ਰੁਤੀ | (ੲ) ਬਰਾਬਰ ਦੀ ਲੈਅ |
| (ਸ) ਤਾਰ ਸਪਤਕ | (ਸ) ਸ ਅਤੇ ਪ |
| (ਹ) ਠਾਹ | (ਹ) ਸਵਰਾਂ ਦੇ ਉੱਪਰ ਬਿੰਦੀ |

ਉੱਤਰ (ੳ-ਅ), (ਅ-ਸ), (ੲ-ੳ), (ਸ-ਹ), (ਹ-ੲ)

469.

| | |
|---|---|
| (ੳ) ਦੁਗੁਣ | (ੳ) ਗੀਤ ਦਾ ਪਹਿਲਾ ਭਾਗ |
| (ਅ) ਵਕਰ ਸਵਰ | (ਅ) ਗੀਤ ਦਾ ਦੂਸਰਾ ਭਾਗ |
| (ੲ) ਸਥਾਈ | (ੲ) ਇੱਕ ਮਾਤਰਾ ਵਿੱਚ ਦੋ ਬੋਲ |
| (ਸ) ਝਾਲਾ | (ਸ) ਸਵਰਾਂ ਦਾ ਟੇਢਾ ਪ੍ਰਯੋਗ |
| (ਹ) ਅੰਤਰਾ | (ਹ) ਸਿਤਾਰ ਤੇ ਦਰੁੱਤ ਵਾਦਨ ਦੀ ਕ੍ਰਿਆ |

ਉੱਤਰ (ੳ-ੲ), (ਅ-ਸ), (ੲ-ੳ), (ਸ-ਹ), (ਹ-ਅ)

470.

| | |
|---|---|
| (ੳ) ਥਾਟ ਖਮਾਜ | (ੳ) ਰੇ, ਧੁ, ਕੋਮਲ ਬਾਕੀ ਸਵਰ ਸ਼ੁੱਧ |
| (ਅ) ਥਾਟ ਭੈਰਵ | (ਅ) ਰੇ, ਮੇ ਬਾਕੀ ਸਵਰ ਸ਼ੁੱਧ |
| (ੲ) ਮਾਰਵਾ ਥਾਟ | (ੲ) ਨੀ ਕੋਮਲ ਬਾਕੀ ਸਵਰ ਸ਼ੁੱਧ |
| (ਸ) ਕਲਿਆਣ ਥਾਟ | (ਸ) ਗੁ, ਧੁ, ਨੀ ਕੋਮਲ ਬਾਕੀ ਸਵਰ |
| (ਹ) ਆਸਾਵਰੀ ਥਾਟ | (ਹ) ਮੇ ਤੀਵਰ ਬਾਕੀ ਸਵਰ ਸ਼ੁੱਧ |

ਉੱਤਰ (ੳ-ੲ), (ਅ-ੳ), (ੲ-ਅ), (ਸ-ਹ), (ਹ-ਸ)

471.

| | |
|---|---|
| (ੳ) ਤੂੰਬਾ, ਡਾਂਡ, ਲੰਗੋਟ | (ੳ) ਸਿਤਾਰ ਦਾ ਪਹਿਲਾ ਤਾਰ |
| (ਅ) ਬਾਜ ਦਾ ਤਾਰ | (ਅ) ਸਿਤਾਰ ਦੇ ਭਾਗ |
| (ੲ) ਚਿਕਾਰੀ ਦੇ ਤਾਰ | (ੲ) ਮੰਦਰ 'ਸ਼' ਤੇ |
| (ਸ) ਜੋੜੀ ਦੇ ਤਾਰ | (ਸ) 6ਵਾਂ ਤੇ 7ਵਾਂ ਤਾਰ |
| (ਹ) ਪਰਦੇ | (ਹ) ਲੋਹੇ ਜਾਂ ਪਿੱਤਲ ਦੇ ਟੁਕੜੇ |

ਉੱਤਰ (ੳ-ਅ), (ਅ-ੳ), (ੲ-ਸ), (ਸ-ੲ), (ਹ-ਹ)

472.

| | |
|---|---|
| (ੳ) ਕੋਮਲ ਸਵਰ | (ੳ) ਸਵਰ ਦੇ ਹੇਠਾਂ ਬਿੰਦੀ |
| (ਅ) ਮਦ੍ਰ ਸਪਤਕ | (ਅ) ਉਲਟਾ ਅਰਧ ਚੰਦ੍ਰ |
| (ੲ) ਮੀਂਡ | (ੲ) ਸਵਰ ਦੇ ਹੇਠਾਂ ਲੇਟਵੀ ਰੇਖਾ |
| (ਸ) ਖਾਲੀ | (ਸ) ✓ |
| (ਹ) ਸਵਰਮਾਨ | (ਹ) o |

ਉੱਤਰ (ੳ-ੲ), (ਅ-ਸ), (ੲ-ਅ), (ਸ-ਹ), (ਹ-ਸ)

473.

| | |
|---|---|
| (ੳ) ਮਸੀਤਖਾਨੀ ਗਤ | (ੳ) ਦਰੁੱਤ ਲੈਅ ਦੀ ਗਤ |

(ਅ) ਰਜ਼ਾਖਾਨੀ ਗਤ (ਅ) ਮਸੀਤ ਖਾਂ

(ੲ) ਮੀਂਡ, ਕਣ, ਕ੍ਰਿੰਤਨ (ੲ) ਆਧਾਰ ਸਵਰ

(ਸ) ਰਾਗ ਦੀਆਂ ਜਾਤੀਆਂ (ਸ) ਵਾਦਨ ਦੀਆਂ ਕ੍ਰਿਆਵਾਂ

(ਹ) 'ਸ' ਸਵਰ (ਹ) ਔੜਵ, ਸ਼ਾੜਵ, ਸੰਪੂਰਨ

ਉੱਤਰ: (ੳ-ਅ), (ਅ-ੳ), (ੲ-ਸ), (ਸ-ਹ), (ਹ-ੲ)

474. (ੳ) ਥਾਟ ਤੇ ਰਾਗ (ੳ) ਢੋਲ

(ਅ) ਥਾਟਾਂ ਦੀ ਸੰਖਿਆ (ਅ) ਜਨਕ ਤੇ ਜੰਨਯ

(ੲ) ਭੰਗੜਾ ਨ੍ਰਿਤ (ੲ) 10

(ਸ) ਢੋਲਕੀ (ਸ) ਢੱਡ ਤੇ ਸਾਰੰਗੀ

(ਹ) ਵਾਰ ਗਾਇਨ (ਹ) ਲੋਕ ਗੀਤ

ਉੱਤਰ (ੳ-ਅ), (ਅ-ੲ), (ੲ-ੳ), (ਸ-ਹ), (ਹ-ਸ)

475. (ੳ) ਤੂੰਬੀ (ੳ) ਇੱਕ ਤਾਰ ਵਾਲਾ ਸਾਜ਼

(ਅ) ਚਿਮਟੇ ਦੀ ਲੰਬਾਈ (ਅ) ਕੀਰਤਨ

(ੲ) ਖੜਤਾਲ (ੲ) 4 ਫੁੱਟ

(ਸ) ਨਿਖਿਲ ਬੈਨਰਜੀ (ਸ) ਗਜ਼

(ਹ) ਸਾਰੰਗੀ (ਹ) ਸਿਤਾਰ ਵਾਦਕ

ਉੱਤਰ (ੳ-ੳ), (ਅ-ੲ), (ੲ-ਅ), (ਸ-ਹ), (ਹ-ਸ)

476. (ੳ) ਰਾਗ ਭੁਪਾਲੀ ਦਾ ਥਾਟ (ੳ) ਸ਼ਾੜਵ ਸੰਪੂਰਨ

(ਅ) ਰਾਗ ਖਮਾਜ (ਅ) ਕਲਿਆਣ ਥਾਟ

(ੲ) ਭੂਪਾਲੀ ਦੀ ਜਾਤੀ (ੲ) ਗ-ਨੀ

(ਸ) ਖਮਾਜ ਰਾਗ ਦੇ ਵਾਦੀ-ਸੰਵਾਦੀ (ਸ) ਔੜਵ-ਔੜਵ

(ਹ) ਰਾਗ ਭੈਰਵ ਦਾ ਸਮਪ੍ਰਕ੍ਰਿਤਿਕ ਰਾਗ (ਹ) ਰਾਮਕਲੀ

ਉੱਤਰ (ੳ-ਅ), (ਅ-ੳ), (ੲ-ਸ), (ਸ-ੲ), (ਹ-ਹ)

**ਛੋਟੇ ਪ੍ਰਸ਼ਨ (ਇੱਕ ਜਾਂ ਦੋ ਵਾਕਾਂ ਵਾਲੇ, ਪੰਜ ਤੋਂ ਅੱਠ ਲਾਈਨਾਂ ਵਾਲੇ)**

ਪ੍ਰ. 477 ਸਪਤਕ ਕਿਸ ਨੂੰ ਕਹਿੰਦੇ ਹਨ?

ਪ੍ਰ. 478 ਅਚਲ ਸੁਰ ਕਿਸਨੂੰ ਕਹਿੰਦੇ ਹਨ?

ਪ੍ਰ. 479 ਚਲ ਸਵਰ ਕਿਸਨੂੰ ਕਹਿੰਦੇ ਹਨ?

ਪ੍ਰ. 480 ਅਲੰਕਾਰ ਕਿਸ ਨੂੰ ਕਹਿੰਦੇ ਹਨ?

ਪ੍ਰ. 481 ਅਲੰਕਾਰਾਂ ਦੇ ਕੋਈ ਦੋ ਲਾਭ ਲਿਖੋ?

ਪ੍ਰ. 482 ਸ਼ਰੁਤੀ ਕੀ ਹੈ?

ਪ੍ਰ. 483 ਠਾਅ ਲੈਅਕਾਰੀ ਬਾਰੇ ਲਿਖੋ।

ਪ੍ਰ. 484 ਵਕਰ ਸਵਰ ਕਿਸਨੂੰ ਕਹਿੰਦੇ ਹਨ?

ਪ੍ਰ. 485 ਸਰਗਮ ਗੀਤ ਕਿਸਨੂੰ ਕਹਿੰਦੇ ਹਨ?

ਪ੍ਰ. 486 ਸਥਾਈ ਕਿਸਨੂੰ ਕਹਿੰਦੇ ਹਨ?

ਪ੍ਰ. 487 ਥਾਟ ਕਿਸਨੂੰ ਕਹਿੰਦੇ ਹਨ?

ਪ੍ਰ. 488 ਭਾਤਖੰਡੇ ਜੀ ਦੇ ਕੋਈ ਪੰਜ ਥਾਟਾਂ ਬਾਰੇ ਲਿਖੋ।

ਪ੍ਰ. 489 ਥਾਟ ਦੇ ਕੋਈ ਚਾਰ ਨਿਯਮ ਲਿਖੋ?

ਪ੍ਰ. 490 ਥਾਟ ਦੀ ਪਹਿਚਾਣ ਕਰੋ, ਕੋਮਲ ਨੀ ਵਾਲਾ ਥਾਟ, ਤੀਵਰ, ਮ-ਵਾਲਾ ਥਾਟ

ਪ੍ਰ. 491 ਖਿਆਲ ਕਿਸਨੂੰ ਕਹਿੰਦੇ ਹਨ?

ਪ੍ਰ. 492 ਵੱਡੇ ਖਿਆਲ ਬਾਰੇ ਲਿਖੋ।

ਪ੍ਰ. 493 ਛੋਟਾ ਖਿਆਲ ਬਾਰੇ ਲਿਖੋ।

ਪ੍ਰ. 494 ਤਾਨਪੁਰੇ ਦੇ ਦੋ ਅੰਗਾਂ ਬਾਰੇ ਲਿਖੋ।

ਪ੍ਰ. 495 ਹੇਠ ਲਿਖੇ ਸੁਰਲਿਪੀ ਤੇ ਤਾਲ ਲਿਪੀ ਦੇ ਚਿੰਨ ਦਸੋ?

ਪ੍ਰ. 496 ਸਵਰ ਲਿਪੀ ਦੀਆਂ ਦੋ ਚੰਗਿਆਈਆਂ ਲਿਖੋ?

ਪ੍ਰ. 497 ਸ਼ਬਦ ਗਾਇਨ ਕੀ ਹੈ?

ਪ੍ਰ. 498 ਭਜਨ ਬਾਰੇ ਲਿਖੋ?

ਪ੍ਰ. 499 ਲੋਕ ਗੀਤ ਬਾਰੇ ਲਿਖੋ?

ਪ੍ਰ. 500 ਗਾਇਕ ਦੇ ਕੋਈ ਚਾਰ ਦੋਸ਼ ਲਿਖੋ।

ਪ੍ਰ. 501 ਗਾਇਕ ਦੇ ਕੋਈ ਚਾਰ ਗੁਣ ਲਿਖੋ?

ਪ੍ਰ. 502 ਰਾਗ ਤੇ ਥਾਟ ਦੇ ਦੋ-ਦੋ ਨਿਯਮ ਲਿਖੋ?

ਪ੍ਰ. 503 ਕੋਈ ਦੋ ਲੋਕ ਸਾਜਾਂ ਬਾਰੇ ਲਿਖੋ।

ਪ੍ਰ. 504 ਚਿਮਟੇ ਸਾਜ ਬਾਰੇ ਲਿਖੋ?

ਪ੍ਰ. 505 ਘੜੇ ਸਾਜ ਬਾਰੇ ਲਿਖੋ?

ਪ੍ਰ. 506 ਤਾਨਸੇਨ ਦੇ ਜੀਵਨ ਬਾਰੇ ਸੰਖੇਪ ਵਿੱਚ ਲਿਖੋ।

ਪ੍ਰ. 507 ਭੁਪਾਲੀ ਰਾਗ ਦਾ ਪਰਿਚੈ ਲਿਖੋ।

ਪ੍ਰ. 508 ਭੁਪਾਲੀ ਰਾਗ ਦੀ ਔਰਹ, ਅਵਰੋਹ, ਪਕੜ ਲਿਖੋ।

ਪ੍ਰ. 509 ਰਾਗ ਖਮਾਜ ਦੀ ਜਾਣ-ਪਛਾਣ ਲਿਖੋ।

ਪ੍ਰ.510 ਰਾਗ ਖਮਾਜ ਦਾ ਅਰੋਹ, ਅਵਰੋਹ, ਪਕੜ ਲਿਖੋ।

ਪ੍ਰ. 511 ਰਾਗ ਭੈਰਵ ਦਾ ਪਰਿਚੈ ਲਿਖੋ?

ਪ੍ਰ. 512 ਰਾਗ ਭੈਰਵ ਦੀ ਅਰੋਹ, ਅਵਰੋ, ਪਕੜ ਲਿਖੋ।

ਪ੍ਰ. 513 ਇਕ ਤਾਲ ਦਾ ਪਰਿਚੈ ਲਿਖੋ?

ਪ੍ਰ. 514 ਇਕ ਤਾਲ ਦੀ ਠਾਹ (ਇਕ ਗੁਣ) ਲੈਅਕਾਰੀ ਲਿਖੋ।

ਪ੍ਰ. 515 ਰੂਪਕ ਤਾਲ ਦਾ ਪਰਿਚੈ ਲਿਖੋ?

ਪ੍ਰ. 516 ਚੌਤਾਲ ਦਾ ਪਰਿਚੈ ਲਿਖੋ?

ਪ੍ਰ. 517 ਚੌਤਾਲ ਦੀ ਠਾਹ (ਇਕ ਗੁਣ) ਲੈਅਕਾਰੀ ਲਿਖੋ: